ਮੰਗਲਵਾਰ, 11 ਅਗਸਤ, 2026
27 ਸਾਉਣ { ਨਾਨਕਸ਼ਾਹੀ 558 / ਬਿਕਰਮੀ 2083
ਜਿਲਦ/VOL. : 75
ਅੰਕ/NO. : 71

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • TUESDAY, 11 AUGUST, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਪੰਜਾਬ 'ਚ ਹਜ਼ਾਰਾਂ ਮਜ਼ਦੂਰ ਤੇ ਕਿਸਾਨ ਗ੍ਰਿਫ਼ਤਾਰੀਆਂ ਲਈ ਪੇਸ਼

## ਰੈਲੀਆਂ 'ਚ ਭਖਦੇ ਮਸਲਿਆਂ ਨੂੰ ਉਭਾਰਿਆ


ਸੰਗਰੂਰ




ਮਾਨਸਾ






ਲੁਧਿਆਣਾ




ਅੰਮ੍ਰਿਤਸਰ

**ਸੰਗਰੂਰ (ਪ੍ਰਵੀਨ ਸਿੰਘ)**

ਦੇਸ਼ ਦੀਆਂ ਕੌਮੀ ਟਰੇਡ ਯੂਨੀਅਨਾਂ ਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਰਤ ਛੱਡੋ ਅੰਦੋਲਨ ਦੀ ਵਰ੍ਹੇਗੰਢ ਨੂੰ ਸਮਰਪਿਤ ਸੋਮਵਾਰ ਦੇਸ਼ ਭਰ ਅੰਦਰ ਜੇਲ੍ਹ ਭਰੋ ਅੰਦੋਲਨ ਕੀਤਾ ਗਿਆ। ਇਸੇ ਤਹਿਤ ਇੱਥੇ ਸੰਗਰੂਰ ਦੀ ਅਨਾਜ ਮੰਡੀ ਵਿਚ ਏਟਕ ਦੇ ਸੂਬਾ ਆਗੂ ਨਿਰਮਲ ਸਿੰਘ ਧਾਲੀਵਾਲ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਉਗਰਾਹਾਂ, ਸੀਟੂ ਦੇ ਜ਼ਿਲ੍ਹਾ ਸਕੱਤਰ ਇੰਦਰਪਾਲ ਪੁੰਨਾਂਵਾਲ, ਏਟਕ ਦੇ ਸੁਖਦੇਵ ਸ਼ਰਮਾ, ਆਲ ਇੰਡੀਆ ਕਿਸਾਨ ਸਭਾ ਦੇ ਮੇਜਰ ਪੁੰਨਾਂਵਾਲ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਜਗਤਾਰ ਸਿੰਘ ਕਾਲਾਝਾੜ, ਜਮਹੂਰੀ ਕਿਸਾਨ ਸਭਾ ਦੇ ਊਧਮ ਸੰਤੋਖਪੁਰਾ, ਆਂਗਣਵਾੜੀ ਮੁਲਾਜ਼ਮ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਕੌਰ, ਮਿਡ ਡੇ ਮੀਲ ਦੀ ਸੂਬਾਈ ਪ੍ਰਧਾਨ ਜਸਮੇਲ ਕੌਰ ਬੀਰ ਕਲਾਂ, ਮਨਰੇਗਾ ਮਜ਼ਦੂਰਾਂ ਦੇ ਪ੍ਰਧਾਨ ਰਾਮ ਸਿੰਘ ਸੋਹੀਆਂ, ਸਤਵੀਰ ਤੁੰਗਾਂ, ਏਕਟੂ ਦੇ ਗੋਬਿੰਦ ਛਾਜਲੀ, ਡਕੌਂਦਾ ਧਨੇਰ ਦੇ ਜਗਤਾਰ ਦੁੱਗਾਂ, ਰਾਜੇਵਾਲ ਤੋਂ ਕਸ਼ਮੀਰ ਘਰਾਚੋਂ, ਜਗਜੀਤ ਭੁਟਾਲ, ਦਰਸ਼ਨ ਕੂਨਰਾਂ, ਕਿਰਨਜੀਤ ਸੇਖੋਂ, ਜਗਜੀਤ ਭੁਟਾਲ ਜਮਹੂਰੀ ਅਧਿਕਾਰ ਸਭਾ, ਕਰਮਜੀਤ ਕੌਰ ਭਿੰਡਰਾਂ ਨੇ ਸੰਬੋਧਨ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਤੇ ਪੰਜਾਬ ਦੀ ਮਾਨ ਸਰਕਾਰ ਨੂੰ ਆੜੇ ਹੱਥੀਂ ਲਿਆ।

ਹਜ਼ਾਰਾਂ ਦੀ ਗਿਣਤੀ ਵਿੱਚ ਇਕੱਤਰ ਹੋਏ ਮਜ਼ਦੂਰਾਂ, ਕਿਸਾਨਾਂ ਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਲਗਾਤਾਰ ਲੋਕ-ਮਾਰੂ ਨੀਤੀਆਂ ਲਾਗੂ ਕਰ ਰਹੀ ਹੈ, ਜਿਸ ਕਰਕੇ ਦੇਸ਼ ਦੇ ਹਰ ਵਰਗ ਦਾ ਕਚੂਮਰ ਨਿਕਲਿਆ ਪਿਆ ਹੈ, ਦੇਸ਼ ਦਾ ਮਜ਼ਦੂਰ ਰੋਟੀ ਤੋਂ ਮੁਹਤਾਜ ਹੋ ਰਿਹਾ ਹੈ, ਕਿਸਾਨ ਦੀ ਖੇਤੀਬਾੜੀ ਘਾਟੇ ਦਾ ਸੌਦਾ ਬਣ ਚੁੱਕੀ ਹੈ, ਕੇਂਦਰ ਸਰਕਾਰ ਅਮਰੀਕਾ ਨਾਲ ਮੁਕਤ ਵਪਾਰ ਸਮਝੌਤੇ ਕਰਕੇ ਕਿਸਾਨੀ ਨੂੰ ਖਤਮ ਕਰ ਰਹੀ ਹੈ।ਦੇਸ਼ ਦੇ ਛੋਟੇ ਕਾਰੋਬਾਰੀ ਤੇ ਦੁਕਾਨਦਾਰ ਕਾਰੋਬਾਰ ਨਾ ਚੱਲਣ ਕਰਕੇ ਮੰਦਹਾਲੀ ਦਾ ਸ਼ਿਕਾਰ ਹੋ ਰਹੇ ਹਨ, ਦੇਸ਼ ਦਾ ਵਿਦਿਆਰਥੀ ਤੇ ਨੌਜਵਾਨ ਵਰਗ ਪੇਪਰ ਲੀਕ ਤੇ ਬੇਰੁਜ਼ਗਾਰੀ ਵਰਗੀਆਂ ਮਾਰਾਂ ਦਾ ਸਾਹਮਣਾ ਕਰ ਰਿਹਾ ਹੈ, ਦੇਸ਼ ਦਾ ਮੁਲਾਜ਼ਮ ਧਰਨੇ ਲਾਉਣ ਲਈ ਮਜਬੂਰ ਹੋ ਰਿਹਾ ਹੈ, ਮਜ਼ਦੂਰਾਂ ਲਈ ਮਾੜਾ-ਮੋਟਾ ਕੰਮ ਦੇਣ ਵਾਲਾ ਮਨਰੇਗਾ ਵਰਗਾ ਕਾਨੂੰਨ ਵੀ ਕੇਂਦਰ ਦੀਆਂ ਮਾਰੂ ਨੀਤੀਆਂ ਦੀ ਭੇਟ ਚੜ੍ਹ ਗਿਆ ਹੈ।ਆਗੂਆਂ ਨੇ ਕਿਹਾ ਕਿ ਸਾਰੇ ਵਰਗਾਂ 'ਚ ਬੇਚੈਨੀ ਵਾਲਾ ਮਹੌਲ ਬਣਿਆ ਹੋਇਆ ਹੈ, ਵੱਖ-ਵੱਖ ਜਥੇਬੰਦੀਆਂ ਦੇ ਨੁਮਾਇੰਦੇ ਕੇਂਦਰ ਤੇ ਪੰਜਾਬ ਦੀ ਭਗਵੰਤ ਸਰਕਾਰ ਨਾਲ ਮੀਟਿੰਗਾਂ ਕਰ-ਕਰ ਥੱਕ ਚੁੱਕੇ ਹਨ, ਕਿਸੇ ਦਾ ਵੀ ਕੋਈ ਮਸਲਾ ਹੱਲ ਨਹੀਂ ਹੋ ਰਿਹਾ, ਜਿਸ ਕਰਕੇ ਅੱਜ ਅੱਕ ਕੇ ਦੇਸ਼ ਦੀਆਂ ਕੌਮੀ ਟਰੇਡ ਯੂਨੀਅਨਾਂ ਤੇ ਕਿਸਾਨ ਜਥੇਬੰਦੀਆਂ ਨੂੰ ਇਹ ਗ੍ਰਿਫਤਾਰੀਆਂ ਦੇਣ ਦਾ ਪ੍ਰੋਗਰਾਮ ਉਲੀਕਣਾ ਪਿਆ।ਇਸ ਉਪਰੰਤ ਅਨਾਜ ਮੰਡੀ ਵਿਚ

• ਬਾਕੀ ਸਫ਼ਾ 2 'ਤੇ

## ਸਫਲ ਐਕਸ਼ਨ 'ਤੇ ਵਧਾਈ

**ਨਵੀਂ ਦਿੱਲੀ (ਨ ਜ਼ ਸ)**-ਦੇਸ਼ ਭਰ ਵਿੱਚ ਇੱਕ ਹਜ਼ਾਰ ਤੋਂ ਵੱਧ ਥਾਵਾਂ 'ਤੇ ਲੱਖਾਂ ਮਜ਼ਦੂਰਾਂ ਅਤੇ ਕਿਸਾਨਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਪ੍ਰਦਰਸ਼ਨ ਕੀਤੇ।ਕਈ ਥਾਵਾਂ 'ਤੇ ਗ੍ਰਿਫ਼ਤਾਰੀਆਂ ਵੀ ਦਿੱਤੀਆਂ ਗਈਆਂ।ਕੇਂਦਰੀ ਟਰੇਡ ਯੂਨੀਅਨਾਂ ਦੇ ਮੰਚ ਨੇ ਮਜ਼ਦੂਰਾਂ, ਕਿਸਾਨਾਂ ਅਤੇ ਹੋਰ ਜਾਗਰੂਕ ਨਾਗਰਿਕਾਂ ਨੂੰ ਵਧਾਈ ਦਿੱਤੀ ਕਿ ਉਨ੍ਹਾਂ ਨੇ 1942 ਦੇ ਭਾਰਤ ਛੱਡੋ ਅੰਦੋਲਨ ਵਿੱਚ ਭਾਰਤੀ ਜਨਤਾ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਹੁਣ ਵੀ ਆਪਣੀ ਆਵਾਜ਼ ਬੁਲੰਦ ਕੀਤੀ।ਉਸ ਅੰਦੋਲਨ ਨੇ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਨੂੰ ਆਖਰੀ ਅਤੇ ਨਿਰਣਾਇਕ ਝਟਕਾ ਦਿੱਤਾ ਸੀ। ਅੱਜ ਵੀ ਮੌਜੂਦਾ ਕੇਂਦਰ ਸਰਕਾਰ ਦੀਆਂ ਮਜ਼ਦੂਰ-ਵਿਰੋਧੀ, ਕਿਸਾਨ-ਵਿਰੋਧੀ, ਜਨ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਨੀਤੀਆਂ ਦੇ ਖ਼ਿਲਾਫ਼ ਲੱਖਾਂ ਲੋਕ ਸੜਕਾਂ 'ਤੇ ਉਤਰੇ ਅਤੇ ਵਿਆਪਕ ਲਾਮਬੰਦੀ ਰਾਹੀਂ ਆਪਣਾ ਰੋਸ ਪ੍ਰਗਟ ਕੀਤਾ।ਰਾਸ਼ਟਰੀ ਅਤੇ ਰਾਜ ਪੱਧਰ ਦੇ ਟਰੇਡ ਯੂਨੀਅਨ ਅਤੇ ਕਿਸਾਨ ਆਗੂਆਂ ਨੇ ਵੱਖ-ਵੱਖ ਥਾਵਾਂ 'ਤੇ ਇਨ੍ਹਾਂ ਅੰਦੋਲਨਾਂ ਦੀ ਅਗਵਾਈ ਕੀਤੀ।ਆਉਣ ਵਾਲੇ ਸਮੇਂ ਵਿੱਚ ਕੇਂਦਰੀ ਟਰੇਡ ਯੂਨੀਅਨਾਂ ਅਤੇ ਸੰਯੁਕਤ ਕਿਸਾਨ ਮੋਰਚਾ ਆਪਣੇ-ਆਪਣੇ ਮੰਚਾਂ ਤੋਂ ਇੱਕ-ਦੂਜੇ ਨਾਲ ਏਕਤਾ ਕਾਇਮ ਰੱਖਦੇ ਹੋਏ ਅਤੇ ਤਾਲਮੇਲ ਵਾਲੀ ਤੇ ਸਾਂਝੀ ਕਾਰਵਾਈ ਰਾਹੀਂ ਸੰਘਰਸ਼ ਨੂੰ ਲਗਾਤਾਰ ਅੱਗੇ ਵਧਾਉਣਗੇ।ਇਹ ਸੰਘਰਸ਼ ਜਨਤਾ ਨੂੰ ਬਚਾਉਣ ਅਤੇ ਦੇਸ਼ ਨੂੰ ਇਸ ਜਨ-ਵਿਰੋਧੀ, ਰਾਸ਼ਟਰ-ਵਿਰੋਧੀ ਅਤੇ ਕਾਰਪੋਰੇਟ-ਪੱਖੀ ਸਰਕਾਰ ਤੋਂ ਬਚਾਉਣ ਲਈ ਜਾਰੀ ਰਹੇਗਾ।

## ਨੋਟਾਂ ਦੀ ਫਸਲ ਦਾ ਬੀਜ ਨਾਸ!



**ਬਲੋਤਰਾ** : ਰਾਜਸਥਾਨ ਦੇ ਬਲੋਤਰਾ ਜ਼ਿਲ੍ਹੇ ਦੇ ਪਿੰਡ ਨੇਵਾਈ ਵਿੱਚ ਕਿਸਾਨ ਮਾਂਗੀ ਲਾਲ ਮੇਘਵਾਲ ਦੇ 5 ਲੱਖ ਰੁਪਏ ਸਿਓਂਕ ਖਾ ਗਈ। ਉਸ ਨੇ ਪਲਾਟ ਵੇਚ ਕੇ ਮਿਲੇ ਪੈਸੇ ਪਤਨੀ ਤੇ ਬੱਚਿਆਂ ਨੂੰ ਦੱਸੇ ਬਿਨਾਂ ਖੇਤ ਵਿੱਚ ਥੈਲੇ ਵਿੱਚ ਪਾ ਕੇ ਦੱਬ ਦਿੱਤੇ ਸਨ। ਫਿਰ ਉਹ ਭੁੱਲ ਗਿਆ। ਦੋ ਦਿਨ ਪਹਿਲਾਂ ਪਰਵਾਰ ਨੂੰ ਬਿਜਾਈ ਦੌਰਾਨ ਦੱਬਿਆ ਥੈਲਾ ਤਾਂ ਮਿਲ ਗਿਆ, ਪਰ ਬਹੁਤੇ ਨੋਟ ਸਿਓਂਕ ਖਾ ਗਈ ਸੀ। ਕਿਸਾਨ ਨੋਟਾਂ ਨੂੰ ਬਦਲਾਉਣ ਲਈ ਬੈਂਕ ਗਿਆ, ਪਰ ਬੈਂਕ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ, ਬੈਂਕ ਕਰਮਚਾਰੀਆਂ ਨੇ ਕਿਹਾ ਕਿ ਜਿਨ੍ਹਾਂ ਨੋਟਾਂ 'ਤੇ ਸੀਰੀਅਲ ਨੰਬਰ ਅਤੇ ਦਸਤਖਤ ਆਦਿ ਵਰਗੀ ਮਹੱਤਵਪੂਰਨ ਜਾਣਕਾਰੀ ਸਹੀ ਹੈ, ਉਨ੍ਹਾਂ ਨੂੰ ਬਦਲਿਆ ਜਾ ਸਕਦਾ ਹੈ, ਪਰ ਇਸ ਲਈ ਜੈਪੁਰ ਜਾਣਾ ਪਵੇਗਾ।

## ਸ਼ਾਹ ਜਵਾਬ ਦੇਣ ਲਈ ਤਿਆਰ

**ਨਵੀਂ ਦਿੱਲੀ (ਨ ਜ਼ ਸ)**-ਨੀਟ ਪੇਪਰ ਲੀਕ ਦੇ ਮੁੱਦੇ ਉੱਤੇ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ 'ਤੇ ਲਾਠੀਚਾਰਜ ਨੂੰ ਲੈ ਕੇ ਵਿਰੋਧੀ ਧਿਰ ਦੇ ਲੰਮੇ ਵਿਰੋਧ ਅਤੇ ਜਵਾਬਦੇਹੀ ਦੀ ਮੰਗ ਤੋਂ ਬਾਅਦ ਕੇਂਦਰ ਸਰਕਾਰ ਨੇ ਸੋਮਵਾਰ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਲੋਕ ਸਭਾ ਵਿੱਚ ਇਸ ਮੁੱਦੇ 'ਤੇ ਜਵਾਬ ਦੇਣਗੇ, ਬਸ਼ਰਤੇ ਵਿਰੋਧੀ ਧਿਰ ਸ਼ਾਂਤੀ ਅਤੇ ਮਰਿਆਦਾ ਬਣਾਈ ਰੱਖੇ ਅਤੇ ਉਨ੍ਹਾ ਦਾ ਜਵਾਬ ਸੁਣੇ।

ਇਹ ਫੈਸਲਾ ਲੋਕ ਸਭਾ ਦੀ ਕਾਰਜ ਸਲਾਹਕਾਰ ਕਮੇਟੀ ਦੀ ਮੀਟਿੰਗ ਵਿੱਚ ਇਕਜੁੱਟ ਵਿਰੋਧੀ ਧਿਰ ਵੱਲੋਂ ਇਹ ਕਹਿਣ ਤੋਂ ਬਾਅਦ ਆਇਆ ਹੈ ਕਿ ਜਦੋਂ ਤੱਕ ਸ਼ਾਹ ਜਵਾਬ ਨਹੀਂ ਦਿੰਦੇ, ਕੋਈ ਕੰਮਕਾਜ ਨਹੀਂ ਕੀਤਾ ਜਾਵੇਗਾ। ਵਿਰੋਧੀ ਧਿਰ ਨੇ ਰਾਮ ਮੰਦਰ ਚੜ੍ਹਾਵੇ ਦੀ ਕਥਿਤ ਚੋਰੀ 'ਤੇ ਬਹਿਸ ਦੀ ਵੀ ਮੰਗ ਕੀਤੀ।

ਸੰਸਦੀ ਮਾਮਲਿਆਂ ਦੇ ਮੰਤਰੀ ਕਿਰਨ ਰਿਜਿਜੂ ਨੇ ਕਿਹਾ, "ਅਸੀਂ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਨਾ ਸਿਰਫ ਬਿਆਨ ਦੇਣਗੇ, ਸਗੋਂ ਉਹ ਚਰਚਾ ਦਾ ਜਵਾਬ ਵੀ ਦੇਣਗੇ, ਪਰ ਵਿਰੋਧੀ ਧਿਰ ਨੂੰ ਵਿਘਨ ਨਹੀਂ ਪਾਉਣਾ ਚਾਹੀਦਾ। ਅਸੀਂ ਆਪਣੀ ਪੇਸ਼ਕਸ਼ ਦੇ ਦਿੱਤੀ ਹੈ।"

## ਪੰਜਾਬ ਦੇ ਵੱਡੇ ਮੁੱਦਿਆਂ ਨੂੰ ਲੈ ਕੇ ਪੀ ਐੱਮ ਨੂੰ ਮਿਲਿਆ : ਸੁਖਬੀਰ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਨ ਦੇ ਤਿੰਨ ਦਿਨ ਬਾਅਦ ਸੋਮਵਾਰ ਕਿਹਾ ਕਿ ਉਹ ਪੰਜਾਬ ਦੇ ਵੱਡੇ ਮੁੱਦਿਆਂ 'ਤੇ ਚਰਚਾ ਕਰਨ ਲਈ ਪ੍ਰਧਾਨ ਮੰਤਰੀ ਨੂੰ ਮਿਲੇ ਸਨ ਅਤੇ ਕੇਂਦਰ ਨੂੰ ਪੰਜਾਬ ਨੂੰ ਬਚਾਉਣ ਦੇ ਤਰੀਕੇ ਲੱਭਣ ਦੀ ਅਪੀਲ ਕੀਤੀ ਸੀ। ਸੁਖਬੀਰ ਨੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਕਿਹਾ, "ਪੰਜਾਬ ਦੇ ਕਈ ਵੱਡੇ ਮੁੱਦੇ ਹਨ। ਕਈ ਇਮਤਿਹਾਨੀ ਪੇਪਰ ਲੀਕ ਹੋ ਰਹੇ ਹਨ, 'ਆਪ' ਪੰਜਾਬ ਨੂੰ ਲੁੱਟ ਰਹੀ ਹੈ ਅਤੇ ਕਾਨੂੰਨ ਵਿਵਸਥਾ ਦੀ ਹਾਲਤ ਬਹੁਤ ਮਾੜੀ ਹੋ ਗਈ ਹੈ। ਮੈਂ ਪ੍ਰਧਾਨ ਮੰਤਰੀ ਨੂੰ ਬੇਨਤੀ ਕਰਨ ਗਿਆ ਸੀ ਕਿ ਕਿਸੇ ਤਰ੍ਹਾਂ ਪੰਜਾਬ ਨੂੰ ਬਚਾਇਆ ਜਾਵੇ। ਉਨ੍ਹਾਂ (ਆਪ) ਨੇ ਪੰਜਾਬ ਨੂੰ ਬਰਬਾਦ ਕਰ ਦਿੱਤਾ ਹੈ।ਉਹ ਇੱਥੇ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ ਇੰਡੀਆ ਦੇ ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਨ ਲਈ ਆਏ ਸਨ।

## ਰਾਂਚੀ 'ਚ ਵੱਡਾ ਵਿਦਿਆਰਥੀ ਪ੍ਰਦਰਸ਼ਨ

**ਰਾਂਚੀ (ਨ ਜ਼ ਸ)**-ਝਾਰਖੰਡ ਵਿੱਚ ਭਰਤੀ ਪ੍ਰੀਖਿਆਵਾਂ 'ਚ ਕਥਿਤ ਗੜਬੜੀਆਂ ਵਿਰੁੱਧ ਸੋਮਵਾਰ ਰੋਸ ਪ੍ਰਦਰਸ਼ਨ ਕਰ ਰਹੇ ਹਜ਼ਾਰਾਂ ਨੌਕਰੀ ਦੇ ਉਮੀਦਵਾਰਾਂ ਦੀ ਸੋਮਵਾਰ ਪੁਲਸ ਨਾਲ ਝੜਪ ਹੋ ਗਈ। ਉਨ੍ਹਾਂ ਨੇ ਬੈਰੀਕੇਡ ਤੋੜ ਦਿੱਤੇ ਅਤੇ ਸੂਬੇ ਦੀ ਵਿਧਾਨ ਸਭਾ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ, ਜਿੱਥੇ ਸੈਸ਼ਨ ਚੱਲ ਰਿਹਾ ਹੈ।

ਪੁਲਸ ਨੇ ਅੱਥਰੂ ਗੈਸ ਅਤੇ ਵਾਟਰ ਕੈਨਨ ਦੀ ਵਰਤੋਂ ਕੀਤੀ, ਨਾਲ ਹੀ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਝਾਰਖੰਡ ਪੁਲਸ ਨੇ ਲਾਠੀਚਾਰਜ ਵੀ ਕੀਤਾ। ਪੁਲਸ ਪ੍ਰਸ਼ਾਸਨ ਨੇ ਕੰਡਿਆਲੀ ਤਾਰਾਂ ਦੀਆਂ ਕਈ ਪਰਤਾਂ ਵੀ ਖੜ੍ਹੀਆਂ ਕੀਤੀਆਂ ਹੋਈਆਂ ਸਨ। ਕਈ ਪ੍ਰਦਰਸ਼ਨਕਾਰੀਆਂ ਨੇ ਦਾਅਵਾ ਕੀਤਾ ਕਿ ਨਵੇਂ ਵਿਧਾਨ ਸਭਾ ਕੰਪਲੈਕਸ ਵੱਲ ਜਾਣ ਵਾਲੀ ਸੜਕ 'ਤੇ ਜਗਨਨਾਥਪੁਰ ਮੰਦਰ ਕੋਲ ਆਖਰੀ ਬੈਰੀਕੇਡ ਤੱਕ ਪਹੁੰਚਣ ਤੋਂ ਬਾਅਦ ਪੁਲਸ ਦੀ ਕਾਰਵਾਈ ਵਿੱਚ ਉਹ ਜ਼ਖ਼ਮੀ ਹੋ ਗਏ। ਝਾਰਖੰਡ ਪਬਲਿਕ ਸਰਵਿਸ ਕਮਿਸ਼ਨ (ਜੇ ਪੀ ਐੱਸ ਸੀ) ਅਤੇ ਝਾਰਖੰਡ ਕਰਮਚਾਰੀ ਚੋਣ ਆਯੋਗ ਵੱਲੋਂ ਆਯੋਜਤ ਭਰਤੀ ਪ੍ਰੀਖਿਆਵਾਂ ਵਿੱਚ ਕਥਿਤ ਗੜਬੜੀਆਂ ਵਿਰੁੱਧ ਵਿਦਿਆਰਥੀਆਂ ਦੇ ਅੰਦੋਲਨ ਦਾ 17ਵਾਂ ਦਿਨ ਸੀ।

ਇਸੇ ਦੌਰਾਨ ਝਾਰਖੰਡ ਸੀ ਆਈ ਡੀ ਨੇ ਜੇ ਪੀ ਐੱਸ ਸੀ ਦੇ ਸਾਬਕਾ ਚੇਅਰਪਰਸਨ ਐੱਲ ਖਿਆਂਗਤੇ ਨੂੰ ਗ੍ਰਿਫਤਾਰ ਕਰ ਲਿਆ, ਜਿਸ ਨਾਲ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੇ ਗਏ ਲੋਕਾਂ ਦੀ ਗਿਣਤੀ 20 ਹੋ ਗਈ ਹੈ।

## ਹੁਣ ਸਰਕਾਰ ਹੀ ਠੇਕੇ 'ਤੇ ਰੱਖੇਗੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**-ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਅਸੈਂਬਲੀ 'ਚ ਪੇਸ਼ ਪੰਜਾਬ ਆਊਟਸੋਰਸ ਮੁਲਾਜ਼ਮ (ਠੇਕਾ ਅਧਾਰਤ ਨਿਯੁਕਤੀ) ਬਿੱਲ, 2026 ਪਾਸ ਕਰ ਦਿੱਤਾ ਗਿਆ। ਇਸ ਦਾ ਮੁੱਖ ਮਕਸਦ ਸਰਕਾਰੀ ਵਿਭਾਗਾਂ ਅਤੇ ਸੰਸਥਾਵਾਂ ਵਿੱਚ ਆਊਟਸੋਰਸਿੰਗ ਏਜੰਸੀਆਂ ਜਾਂ ਠੇਕੇਦਾਰਾਂ ਰਾਹੀਂ ਕੰਮ ਕਰਦੇ ਯੋਗ ਕੱਚੇ ਮੁਲਾਜ਼ਮਾਂ ਨੂੰ ਸਿੱਧੇ ਸਰਕਾਰੀ ਠੇਕੇ ਉੱਤੇ ਲਿਆਉਣਾ ਹੈ, ਤਾਂ ਜੋ ਵਿਚੋਲਗਿਰੀ ਅਤੇ ਕਮਿਸ਼ਨ ਨੂੰ ਖਤਮ ਕਰਕੇ ਸਿੱਧਾ ਸਰਕਾਰੀ ਸਮਝੌਤਾ ਕੀਤਾ ਜਾ ਸਕੇ ਅਤੇ ਇਸ ਨਾਲ ਲਗਭਗ 26,000 ਤੋਂ 28,000 ਮੁਲਾਜ਼ਮਾਂ ਨੂੰ ਲਾਭ ਮਿਲ ਸਕੇ। ਇਸ ਬਿੱਲ ਤਹਿਤ ਆਮ ਸ਼੍ਰੇਣੀ ਦੇ ਜਿਨ੍ਹਾਂ ਆਊਟਸੋਰਸ ਮੁਲਾਜ਼ਮਾਂ ਨੇ ਘੱਟੋ-ਘੱਟ 5 ਸਾਲ ਅਤੇ ਖਤਰਨਾਕ ਸ਼੍ਰੇਣੀ, ਜਿਵੇਂ ਕਿ ਬਿਜਲੀ ਵਿਭਾਗ ਦੇ ਹਾਈ ਵੋਲਟੇਜ ਅਮਲੇ, ਸੀਵਰਮੈਨ, ਸਫ਼ਾਈ ਸੇਵਕ, ਫਾਇਰਮੈਨ, ਫਾਇਰ ਡਰਾਈਵਰ ਅਤੇ ਫਾਇਰ ਸਟੇਸ਼ਨ ਦੇ ਅਮਲੇ ਨੇ 3 ਸਾਲ ਦੀ ਨਿਰੰਤਰ ਸੇਵਾ ਪੂਰੀ ਕੀਤੀ ਹੈ, ਉਹ ਸਿੱਧੇ ਠੇਕੇ 'ਤੇ ਆਉਣ ਲਈ ਯੋਗ ਹੋਣਗੇ।

## ਪੰਜਾਬ ਦੇ ਪੰਜ ਖਿਡਾਰੀ ਜੂਨੀਅਰ ਵਿਸ਼ਵ ਹਾਕੀ ਲਈ ਸਿਲੈਕਟ

**ਜਲੰਧਰ** : ਜੂਨੀਅਰ ਪੁਰਸ਼ ਏਸ਼ੀਆ ਕੱਪ ਲਈ ਪੰਜਾਬ ਦੇ ਚਾਰ ਹਾਕੀ ਖਿਡਾਰੀਆਂ ਨੂੰ ਭਾਰਤੀ ਟੀਮ ਵਿੱਚ ਚੁਣਿਆ ਗਿਆ ਹੈ, ਜਦੋਂ ਕਿ ਇੱਕ ਖਿਡਾਰਨ ਨੇ ਵੀ ਭਾਰਤੀ ਜੂਨੀਅਰ ਮਹਿਲਾ ਹਾਕੀ ਟੀਮ ਵਿੱਚ ਥਾਂ ਬਣਾਈ ਹੈ। ਦੋਨੋਂ ਜੂਨੀਅਰ ਏਸ਼ੀਆ ਕੱਪ ਚੀਨ ਵਿੱਚ 30 ਅਗਸਤ ਤੋਂ 13 ਸਤੰਬਰ ਦੇ ਵਿਚਕਾਰ ਹੋਣਗੇ। ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪਵਾਰ ਨੇ ਦੱਸਿਆ ਕਿ ਪ੍ਰਭਦੀਪ ਸਿੰਘ (ਮਿੱਠਾਪੁਰ), ਮਨਮੀਤ ਸਿੰਘ ਰਾਏ (ਖੁਸਰੋਪੁਰ), ਲਵਨੂਰ ਸਿੰਘ (ਪੀ ਏ ਪੀ ਜਲੰਧਰ) ਅਤੇ ਗੁਰਸੇਵਕ ਸਿੰਘ (ਰਾਉਂਡ ਗਲਾਸ ਅਕੈਡਮੀ) ਨੂੰ ਭਾਰਤੀ ਜੂਨੀਅਰ ਪੁਰਸ਼ ਹਾਕੀ ਟੀਮ ਲਈ ਚੁਣਿਆ ਗਿਆ ਹੈ। ਬਠਿੰਡਾ ਦੀ ਸੁਖਵੀਰ ਕੌਰ ਨੂੰ ਭਾਰਤੀ ਜੂਨੀਅਰ ਮਹਿਲਾ ਹਾਕੀ ਟੀਮ ਲਈ ਚੁਣਿਆ ਗਿਆ ਹੈ।

## ਕੋਟਕਪੂਰਾ ਤੇ ਬਹਿਬਲ ਕਲਾਂ ਗੋਲੀ ਕਾਂਡ ਬਾਰੇ ਸਟੇਟਸ ਰਿਪੋਰਟ ਪੇਸ਼

**ਚੰਡੀਗੜ੍ਹ** : ਪੰਜਾਬ ਪੁਲਸ ਨੇ ਚੰਡੀਗੜ੍ਹ ਦੀ ਸੈਸ਼ਨ ਕੋਰਟ ਵਿੱਚ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮਾਮਲਿਆਂ ਵਿੱਚ ਬਕਾਇਆ ਜਾਂਚ ਬਾਰੇ ਬੰਦ ਲਿਫਾਫੇ ਵਿੱਚ ਸਟੇਟਸ ਰਿਪੋਰਟ ਦਾਖਲ ਕਰ ਦਿੱਤੀ ਹੈ। ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ, ਪਰਮਰਾਜ ਸਿੰਘ ਉਮਰਾਨੰਗਲ, ਚਰਨਜੀਤ ਸਿੰਘ ਸ਼ਰਮਾ, ਅਮਰ ਸਿੰਘ ਚਾਹਲ ਅਤੇ ਸੁਖਮਿੰਦਰ ਸਿੰਘ ਮਾਨ ਸਮੇਤ ਕਈ ਸੀਨੀਅਰ ਪੁਲਸ ਅਧਿਕਾਰੀ ਇਸ ਕੇਸ ਵਿੱਚ ਮੁਲਜ਼ਮ ਹਨ। ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੀ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮਾਂ ਵਿੱਚੋਂ ਇੱਕ ਹਨ।

## ਦਿੱਲੀ ਰੈਲੀ 'ਚ ਪੰਜਾਬ 'ਚੋਂ ਹਜ਼ਾਰਾਂ ਲੋਕ ਜਾਣਗੇ : ਮਾੜੀਮੇਘਾ



**ਦਸੂਹਾ (ਨ ਜ਼ ਸ)**-ਸੀ ਪੀ ਆਈ ਨੇ ਦੇਸ਼ ਪੱਧਰ 'ਤੇ 6 ਅਗਸਤ ਤੋਂ 15 ਦਿਨ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਜਥਾ ਮਾਰਚ ਕੰਪੇਨ ਮੁਹਿੰਮ ਆਰੰਭੀ ਹੋਈ ਹੈ। ਇਸ ਲੜੀ 'ਚ ਸੁਖਦੇਵ ਸਿੰਘ ਦੀ ਰਹਿਨੁਮਾਈ ਅਤੇ ਸੁਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਦਸੂਹਾ ਇਲਾਕੇ ਦੇ ਪਿੰਡ ਮੰਡਿਆਲਾ ਵਿਖੇ ਪ੍ਰੋਗਰਾਮ ਕੀਤਾ ਗਿਆ। ਸੰਬੋਧਨ ਦੌਰਾਨ ਸੀ ਪੀ ਆਈ ਦੇ ਸੂਬਾ ਸਕੱਤਰੇਤ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਤੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਸਕੱਤਰ ਉਂਕਾਰ ਸਿੰਘ ਨੇ ਕਿਹਾ ਕਿ ਇਹ ਜਥਾ ਮਾਰਚ ਭਾਵ ਜਨ-ਜਾਗਰਨ ਮੁਹਿੰਮ ਇਸ ਲਈ ਚੱਲ ਰਹੀ ਹੈ ਕਿ ਕੇਂਦਰ ਸਰਕਾਰ ਦੀਆਂ ਹਿੰਦੁਸਤਾਨ ਦੀ ਵਸੋਂ ਵਿਰੋਧੀ ਨੀਤੀਆਂ ਨੂੰ ਜੱਗ-ਜ਼ਾਹਰ ਕੀਤਾ ਜਾਵੇ ਅਤੇ ਸੀ ਪੀ ਆਈ ਦਾ ਲੋਕ ਪੱਖੀ ਪ੍ਰੋਗਰਾਮ ਲੋਕਾਂ ਤੱਕ ਲਿਜਾਇਆ ਜਾਵੇ।

ਆਗੂਆਂ ਕਿਹਾ ਕਿ ਇਸ ਪ੍ਰੋਗਰਾਮ ਦੀ ਆਖਰੀ ਕੜੀ ਪਹਿਲੀ ਸਤੰਬਰ ਦੀ ਦਿੱਲੀ ਮਹਾਂ ਰੈਲੀ ਹੈ, ਜਿਸ ਵਿੱਚ ਦੇਸ਼ ਭਰ 'ਚੋਂ ਲੱਖਾਂ ਨੌਜਵਾਨ ਲੜਕੇ-ਲੜਕੀਆਂ ਅਤੇ ਮਰਦ-ਔਰਤਾਂ ਪਹੁੰਚ ਰਹੇ ਹਨ। ਇਸ ਰੈਲੀ ਦੀ ਮੁੱਖ ਮੰਗ ਹੈ ਕਿ ਦੇਸ਼ ਵਿੱਚ ਜਮਹੂਰੀਅਤ ਵਿਰੋਧੀ ਕਾਰਵਾਈਆਂ ਬੰਦ ਕੀਤੀਆਂ ਜਾਣ, ਕਿਉਂਕਿ ਮੌਜੂਦਾ ਹਾਲਾਤ ਇਹ ਹਨ ਕਿ ਜਿਹੜਾ ਵੀ ਬੁੱਧੀਜੀਵੀ ਤੇ ਲਿਖਾਰੀ ਕੇਂਦਰ ਸਰਕਾਰ ਵਿਰੁੱਧ ਲਿਖਦਾ ਤੇ ਬੋਲਦਾ ਹੈ, ਉਸ ਨੂੰ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਜੇਲ੍ਹ ਵਿੱਚ ਡੱਕ ਦਿੰਦੀ ਹੈ। ਕਈ ਲੇਖਕ ਤੇ

• ਬਾਕੀ ਸਫ਼ਾ 2 'ਤੇ

## ਸਕੂਲੀ ਫੀਸ ਲਈ ਕਾਂਵੜ ਯਾਤਰਾ!



**ਫਰੀਦਾਬਾਦ (ਨ ਜ਼ ਸ)**-ਇੱਥੋਂ ਲਗਭਗ 75 ਕਿੱਲੋਮੀਟਰ ਦੂਰ ਕੋਸੀ ਕਲਾਂ ਕਸਬੇ ਦੇ ਚਾਰ ਭੈਣ-ਭਰਾਵਾਂ ਨੇ ਛਾਲੇ ਪਏ ਪੈਰਾਂ ਅਤੇ ਮੋਢਿਆਂ ਉੱਤੇ ਗੰਗਾ ਜਲ ਵਾਲੀ ਕਾਂਵੜ ਚੁੱਕ ਕੇ ਕਾਂਵੜ ਯਾਤਰਾ ਕੀਤੀ ਹੈ। ਉਨ੍ਹਾਂ ਦੀ ਅਨੋਖੀ ਅਰਦਾਸ ਹੈ ਕਿ ਭਗਵਾਨ ਸ਼ਿਵ ਉਨ੍ਹਾਂ ਦੇ ਮਾਤਾ-ਪਿਤਾ ਨੂੰ ਸਕੂਲ ਦੀ ਫੀਸ ਅਦਾ ਕਰਨ ਵਿੱਚ ਮਦਦ ਕਰਨ, ਜਿਸ ਕਰਕੇ ਉਨ੍ਹਾਂ ਨੂੰ ਸਕੂਲੋਂ ਕੱਢ ਦਿੱਤਾ ਗਿਆ ਸੀ। ਇਹ ਬੱਚੇ, ਜਿਨ੍ਹਾਂ ਵਿੱਚ 7 ਸਾਲ ਦੀ ਪ੍ਰੇਰਨਾ (ਤੀਜੀ ਜਮਾਤ), ਸ਼ਿਵਮ (ਸੱਤਵੀਂ ਜਮਾਤ), ਨੌਵੀਂ ਜਮਾਤ ਵਿੱਚ ਪੜ੍ਹਦਾ ਇੱਕ ਹੋਰ ਭਰਾ ਅਤੇ ਉਨ੍ਹਾਂ ਦੀ ਵੱਡੀ ਭੈਣ ਸਾਧਨਾ (ਗਿਆਰ੍ਹਵੀਂ ਜਮਾਤ) ਗੰਗਾ ਤੋਂ ਪਵਿੱਤਰ ਜਲ ਇਕੱਠਾ ਕਰਨ ਤੋਂ ਬਾਅਦ 30 ਜੁਲਾਈ ਨੂੰ ਹਰਿਦੁਆਰ ਤੋਂ ਪੈਦਲ ਰਵਾਨਾ ਹੋਏ ਸਨ। ਉਨ੍ਹਾਂ ਦੇ ਮਾਤਾ-ਪਿਤਾ, ਸੁਨੀਤਾ ਅਤੇ ਭਰਤ ਸਿੰਘ, ਦਿਵਿਆਂਗ ਹਨ ਅਤੇ ਆਰਥਕ ਮੁਸ਼ਕਲਾਂ ਨਾਲ ਜੂਝ ਰਹੇ ਹਨ। ਪਰਵਾਰ ਕਈ ਮਹੀਨਿਆਂ ਤੋਂ ਬੱਚਿਆਂ ਦੀ ਪ੍ਰਾਈਵੇਟ ਸਕੂਲ ਦੀ ਫੀਸ ਨਹੀਂ ਦੇ ਸਕਿਆ, ਜਿਸ ਤੋਂ ਬਾਅਦ ਇਨ੍ਹਾਂ ਭੈਣ-ਭਰਾਵਾਂ ਨੂੰ ਸਕੂਲੋਂ ਕੱਢ ਦਿੱਤਾ ਗਿਆ ਸੀ।

ਰਿਸ਼ਤੇਦਾਰਾਂ ਜਾਂ ਦੋਸਤਾਂ ਵੱਲੋਂ ਕੋਈ ਮਦਦ ਨਾ ਮਿਲਣ ਉੱਤੇ ਬੱਚਿਆਂ ਨੇ ਇਹ ਤੀਰਥ ਯਾਤਰਾ ਕਰਨ ਦਾ ਫੈਸਲਾ ਕੀਤਾ, ਇਸ ਉਮੀਦ ਨਾਲ ਕਿ ਉਨ੍ਹਾਂ ਦੀਆਂ ਅਰਦਾਸਾਂ ਨਾਲ ਭਗਵਾਨ ਸ਼ਿਵ ਵੱਲੋਂ ਕੋਈ ਚਮਤਕਾਰ ਹੋ ਜਾਵੇਗਾ। ਵਿਸ਼ਵ ਗੁਰੂ ਬਣਨ ਜਾ ਰਹੇ ਦੇਸ਼ ਦੇ ਇਨ੍ਹਾਂ ਬੱਚਿਆਂ ਦੀ ਦਾਸਤਾਨ ਸਮਾਜ ਦੇ ਨਾਲ-ਨਾਲ ਸਥਾਨਕ ਪ੍ਰਸ਼ਾਸਨ ਅਤੇ ਅਧਿਕਾਰੀਆਂ ਦੀ ਭੂਮਿਕਾ ਉੱਤੇ ਵੀ ਸਵਾਲ ਖੜ੍ਹੇ ਕਰਦੀ ਹੈ ਕਿ ਉਨ੍ਹਾਂ ਇਨ੍ਹਾਂ ਦੀ ਪੜ੍ਹਾਈ ਲਈ ਕੁਝ ਨਹੀਂ ਕੀਤਾ।

## ਬੱਚੇ ਪਿੱਠ 'ਤੇ ਚੁੱਕ ਕੇ ਨਦੀ ਪਾਰ ਕਰਾਉਂਦੇ ਮਾਪੇ



**ਨਾਹਨ (ਹਿਮਾਚਲ ਪ੍ਰਦੇਸ਼)**-ਸਕੂਲੀ ਬੱਚਿਆਂ ਨੂੰ ਮੌਸਮੀ ਨਦੀ ਵਿੱਚੋਂ ਲੰਘਾਏ ਜਾਣ ਦੇ ਪ੍ਰੇਸ਼ਾਨ ਕਰਨ ਵਾਲੇ ਦ੍ਰਿਸ਼ਾਂ ਨੇ ਇੱਕ ਵਾਰ ਫਿਰ ਸ਼ਿਲਾਈ ਵਿਕਾਸ ਬਲਾਕ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਬੁਨਿਆਦੀ ਸੰਪਰਕ ਢਾਂਚੇ ਦੀ ਘਾਟ ਨੂੰ ਉਜਾਗਰ ਕੀਤਾ ਹੈ। ਗ੍ਰਾਮ ਪੰਚਾਇਤ ਦਹਰ ਦੇ ਪ੍ਰਧਾਨ ਬਿਲਮ ਚੱਜਤਾ ਵੱਲੋਂ ਸਾਂਝੇ ਕੀਤੇ ਗਏ ਵੀਡੀਓਜ਼ ਵਿੱਚ ਪਿੰਡ ਵਾਸੀ ਸਕੂਲੀ ਬੱਚਿਆਂ ਨੂੰ ਆਪਣੀ ਪਿੱਠ 'ਤੇ ਚੁੱਕ ਕੇ ਦਹਰ ਪਿੰਡ ਦੇ ਨੇੜੇ ਇੱਕ ਮੌਸਮੀ ਨਾਲੇ 'ਚੋਂ ਲੰਘ ਹਨ। ਨੇੜਲੇ ਦੋ ਪਿੰਡਾਂ ਦੇ 25 ਤੋਂ ਵੱਧ ਪਰਵਾਰਾਂ ਨੂੰ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਲਈ ਇਸ ਨਾਲੇ ਨੂੰ ਪਾਰ ਕਰਨਾ ਪੈਂਦਾ ਹੈ। ਛੋਟੇ ਬੱਚਿਆਂ ਨੂੰ ਵੀ ਸਕੂਲ ਪਹੁੰਚਣ ਲਈ ਇਸ ਦੀ ਵਰਤੋਂ ਕਰਨੀ ਪੈਂਦੀ ਹੈ। ਪਿੰਡ ਵਾਸੀਆਂ ਮੁਤਾਬਕ ਵੀਡੀਓ ਕੁਝ ਦਿਨ ਪਹਿਲਾਂ ਰਿਕਾਰਡ ਕੀਤੇ ਗਏ ਸਨ। ਜਦੋਂ ਸਵੇਰੇ ਮੌਸਮ ਸਾਫ ਸੀ ਅਤੇ ਕੁਝ ਬੱਚਿਆਂ ਨੂੰ ਟੀਕਾਕਰਨ ਲਈ ਲਿਜਾਇਆ ਗਿਆ ਸੀ। ਹਾਲਾਂਕਿ, ਜਦੋਂ ਉਹ ਵਾਪਸ ਆਏ, ਨਦੀ ਵਿੱਚ ਪਾਣੀ ਦਾ ਪੱਧਰ ਤੇਜ਼ੀ ਨਾਲ ਵਧ ਗਿਆ। ਕੋਈ ਫੁੱਟਬ੍ਰਿਜ ਜਾਂ ਸੁਰੱਖਿਅਤ ਬਦਲਵਾਂ ਰਸਤਾ ਉਪਲੱਬਧ ਨਾ ਹੋਣ ਕਰਕੇ ਮਾਪਿਆਂ ਨੂੰ ਬੱਚਿਆਂ ਨੂੰ ਨਦੀ ਪਾਰ ਕਰਨ ਲਈ ਮਜਬੂਰ ਹੋਣਾ ਪਿਆ।

## ਅੱਜ-ਨਾਮਾ

ਜੁਆਨੀ ਨਾਲ ਜੋ ਦਿੱਲੀ ਵਿੱਚ ਰਿਹਾ ਹੁੰਦਾ,
ਝਾਰਖੰਡ ਵੱਲ ਗਈ ਗੱਲ ਦੁਹਰਾਈ ਬੇਲੀ।
ਤੋਪਾਂ ਪਾਣੀ ਦੀਆਂ ਗਈਆਂ ਹਨ ਚੱਲ ਓਥੇ,
ਪੁਲਸ ਨੇ ਡਾਂਗ ਹੈ ਬਹੁਤ ਵਰਸਾਈ ਬੇਲੀ।
ਪਹਿਲਾਂ ਕਹਿੰਦੇ ਸੀ ਗੱਲ ਸਰਕਾਰ ਕਰਦੀ,
ਕੀਤੀ ਗੱਲ ਕੋਈ ਰਾਸ ਨਹੀਂ ਆਈ ਬੇਲੀ।
ਵਿਖਾਉਂਦੇ ਸਨ ਜਵਾਨੀ ਲਈ ਹੇਜ ਜਿਹੜੇ,
ਹਮਦਰਦੀ ਕਾਈ ਨਾ ਉਨ੍ਹਾਂ ਵਿਖਾਈ ਬੇਲੀ।
ਸਰਕਾਰ ਕੇਂਦਰੀ ਹੋਵੇ ਤੇ ਉਹ ਰਾਜ ਵਾਲੀ,
ਜ਼ੁਲਮ ਹੈ ਜ਼ੁਲਮ ਬਰਾਬਰ ਦੀ ਮਾਰ ਬੇਲੀ।
ਸਮਝੀਏ ਦਿੱਲੀ ਜਾਂ ਰਾਂਚੀ ਜਾਂ ਕੋਈ ਤੀਜਾ,
ਹੋਣਾ ਬੇੜਾ ਨਹੀਂ ਜ਼ੁਲਮ ਨਾਲ ਪਾਰ ਬੇਲੀ।

-ਤੀਸ ਮਾਰ ਖਾਂ

## ਸਿੱਖਿਆ ਮਾਫੀਏ ਨੂੰ ਸਿਰ ਨਹੀਂ ਚੁੱਕਣ ਦੇਵਾਂਗੇ : ਮਾਨ



**ਚੰਡੀਗੜ੍ਹ (ਗੁਰਜੀਤ ਬਿੱਲਾ, ਸੁਰਜੀਤ ਸੁਮਨ, ਕ੍ਰਿਸ਼ਨ ਗਰਗ)**

ਪੰਜਾਬ ਅਸੈਂਬਲੀ ਦੇ ਮੌਨਸੂਨ ਇਜਲਾਸ ਦੇ ਆਖਰੀ ਦਿਨ ਸੋਮਵਾਰ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੇਸ਼ 'ਪੰਜਾਬ ਗੈਰ-ਸਹਾਇਤਾ ਪ੍ਰਾਪਤ ਵਿਦਿਅਕ ਅਦਾਰਿਆਂ ਦੀ ਫੀਸ ਦਾ ਰੈਗੂਲੇਸ਼ਨ (ਸੋਧ) ਬਿੱਲ, 2026' ਸਰਬਸੰਮਤੀ ਨਾਲ ਪਾਸ ਹੋ ਗਿਆ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਪ੍ਰਾਈਵੇਟ ਸਕੂਲਾਂ ਦੀ ਮਨਮਰਜ਼ੀ 'ਤੇ ਪੂਰੀ ਤਰ੍ਹਾਂ ਨਕੇਲ ਕੱਸੀ ਜਾਵੇਗੀ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਵਿਰੁੱਧ ਸਖਤ ਕਾਰਵਾਈ ਅਤੇ ਭਾਰੀ ਜੁਰਮਾਨੇ ਦੀ ਵਿਵਸਥਾ ਕੀਤੀ ਗਈ ਹੈ। ਇਸ ਬਿੱਲ ਨਾਲ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ। 5 ਫੀਸਦ ਤੋਂ ਵੱਧ ਵਾਧੇ ਲਈ ਜ਼ਿਲ੍ਹਾ ਰੈਗੂਲੇਟਰੀ ਬਾਡੀ ਤੋਂ 180 ਦਿਨ ਪਹਿਲਾਂ ਪ੍ਰਵਾਨਗੀ ਲੈਣੀ ਪਵੇਗੀ। ਜਿਨ੍ਹਾਂ ਸਕੂਲਾਂ ਨੇ ਪਿਛਲੇ 36 ਮਹੀਨਿਆਂ ਵਿੱਚ ਕੁੱਲ ਮਿਲਾ ਕੇ 15 ਫੀਸਦ ਤੋਂ ਵੱਧ ਫੀਸ ਵਧਾਈ ਹੈ, ਉਨ੍ਹਾਂ ਨੂੰ ਵਾਧੂ ਵਸੂਲੀ ਗਈ ਰਕਮ 90 ਦਿਨਾਂ ਦੇ ਅੰਦਰ ਮਾਪਿਆਂ ਨੂੰ ਵਾਪਸ ਕਰਨੀ ਪਵੇਗੀ। ਸਕੂਲ ਮਾਪਿਆਂ ਨੂੰ ਕਿਸੇ ਖ਼ਾਸ ਦੁਕਾਨਦਾਰ ਜਾਂ ਵੈਂਡਰ ਤੋਂ ਕਿਤਾਬਾਂ ਅਤੇ ਵਰਦੀਆਂ ਖਰੀਦਣ ਲਈ ਮਜਬੂਰ ਨਹੀਂ ਕਰ ਸਕਣਗੇ, ਸਗੋਂ ਘੱਟੋ-ਘੱਟ 3 ਪਬਲਿਸ਼ਰਾਂ ਜਾਂ ਵੈਂਡਰਾਂ ਦੀ ਸੂਚੀ ਜਾਰੀ ਕਰਨੀ ਲਾਜ਼ਮੀ ਹੋਵੇਗੀ। ਟਿਊਸ਼ਨ ਫੀਸ ਤੋਂ ਇਲਾਵਾ ਐਨੂਅਲ ਚਾਰਜ, ਸਮਾਰਟ ਕਲਾਸ, ਐਕਟੀਵਿਟੀ, ਲੈਬ ਅਤੇ ਲਾਇਬ੍ਰੇਰੀ ਵਰਗੇ ਸਾਰੇ ਖਰਚੇ ਫੀਸ ਦੇ ਘੇਰੇ ਵਿੱਚ ਲਿਆਂਦੇ ਗਏ ਹਨ। ਨਿਯਮ ਤੋੜਨ 'ਤੇ ਭਾਰੀ ਜੁਰਮਾਨੇ ਤਹਿਤ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਨੂੰ 5 ਲੱਖ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ। ਫੀਸ ਵਾਪਸ ਨਾ ਕਰਨ ਦੀ ਸੂਰਤ ਵਿੱਚ 10,000 ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵਾਧੂ ਜੁਰਮਾਨਾ ਲਗਾਇਆ ਜਾਵੇਗਾ ਅਤੇ ਲਗਾਤਾਰ ਉਲੰਘਣਾ ਕਰਨ 'ਤੇ ਸਕੂਲ ਦੀ ਮਾਨਤਾ ਵੀ ਰੱਦ ਕੀਤੀ ਜਾ ਸਕਦੀ ਹੈ। ਪਿਛਲੀ ਕਾਂਗਰਸ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੋਵਿਡ ਦੌਰਾਨ ਜਦੋਂ ਸਕੂਲ ਬੰਦ ਸਨ ਅਤੇ ਸਕੂਲਾਂ ਦੇ ਵਾਹਨ ਨਹੀਂ ਚੱਲ ਰਹੇ ਸਨ, ਤਾਂ ਵੀ ਮਾਪਿਆਂ ਨੂੰ ਟ੍ਰਾਂਸਪੋਰਟ ਫੀਸ ਦੇਣ ਲਈ ਮਜਬੂਰ ਕੀਤਾ ਗਿਆ।

ਉਨ੍ਹਾ ਸਪੱਸ਼ਟ ਕੀਤਾ ਕਿ ਪੰਜਾਬ ਵਿੱਚ ਹੁਣ ਅਜਿਹੀ ਲੁੱਟ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾ ਕਿਹਾ ਕਿ ਸਰਕਾਰ ਨਾ ਤਾਂ ਸਿੱਖਿਆ ਨੂੰ ਵਪਾਰ ਬਣਨ ਦੇਵੇਗੀ ਅਤੇ ਨਾ ਹੀ ਸੂਬੇ ਵਿੱਚ ਸਿੱਖਿਆ ਮਾਫੀਆ ਨੂੰ ਸਿਰ ਚੁੱਕਣ ਦੇਵੇਗੀ। ਬਿੱਲ 'ਤੇ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, 'ਵਿਜੇ ਮਾਲਿਆ ਵਰਗੇ ਲੋਕਾਂ ਵੱਲੋਂ ਪੈਸੇ ਤਾਂ ਹੜੱਪੇ ਜਾ ਸਕਦੇ ਹਨ, ਪਰ ਸਿੱਖਿਆ ਕਿਸੇ ਤੋਂ ਖੋਹੀ ਨਹੀਂ ਜਾ ਸਕਦੀ। ਪਹਿਲਾਂ ਸਰਕਾਰੀ ਅਤੇ ਨਿੱਜੀ ਸਕੂਲਾਂ ਦੀਆਂ ਕਿਤਾਬਾਂ, ਪਾਠਕ੍ਰਮ ਅਤੇ ਅਧਿਆਪਕਾਂ ਵਿੱਚ ਵੱਡਾ ਫਰਕ ਹੁੰਦਾ ਸੀ। ਸੂਬੇ ਵਿੱਚ ਸਰਕਾਰੀ ਸਕੂਲ ਸਿਰਫ਼ ਮਿਡ-ਡੇ-ਮੀਲ ਕੇਂਦਰਾਂ ਤੱਕ ਹੀ ਸੀਮਤ ਰਹਿ ਗਏ ਸਨ, ਪਰ ਹੁਣ ਸੂਬਾ ਸਰਕਾਰ ਵੱਲੋਂ ਇਨ੍ਹਾਂ ਸਕੂਲਾਂ ਦੀ ਕਾਇਆ-ਕਲਪ ਕਰ ਦਿੱਤੀ ਗਈ ਹੈ।'

ਨਵਾਂ ਜ਼ਮਾਨਾ
ਮੰਗਲਵਾਰ, 11 ਅਗਸਤ 2026

# ਜ਼ੁਕਰਬਰਗ ਦੀ ਮੁਆਫੀ ਦਾ ਸੱਚ

ਮੈਟਾ ਦੇ ਮਾਲਕ ਮਾਰਕ ਜ਼ੁਕਰਬਰਗ ਵੱਲੋਂ ਭਾਰਤ ਸਰਕਾਰ ਤੋਂ ਮੁਆਫੀ ਮੰਗਣ ਨੂੰ ਹਰ ਮਾਮਲੇ ਵਾਂਗ ਪ੍ਰਚਾਰਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੱਕ ਤਾਕਤਵਰ ਸ਼ਖਸੀਅਤ ਵਾਲੀ ਤਸਵੀਰ ਨਾਲ ਜੋੜ ਰਹੇ ਹਨ, ਜਿਸ ਨੂੰ 'ਕਾਕਰੋਚਾਂ' ਨੇ ਡੂੰਘਾ ਨੁਕਸਾਨ ਪਹੁੰਚਾਇਆ ਹੈ। ਮਾਮਲੇ ਨੂੰ ਜਿਸ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ, ਉਹ ਬਹੁਤ ਸਾਰੀ ਕਾਲਪਨਿਕਤਾ ਅਤੇ ਬਹੁਤ ਘੱਟ ਸਚਾਈ ਨੂੰ ਦਰਸਾਉਂਦਾ ਹੈ।

ਫੇਸਬੁੱਕ, ਇੰਸਟਾਗ੍ਰਾਮ ਅਤੇ ਵ੍ਹਟਸਐਪ ਨੂੰ ਚਲਾਉਣ ਵਾਲੀ ਮੈਟਾ ਦੁਨੀਆ ਦੀਆਂ ਸਭ ਤੋਂ ਵੱਡੀਆਂ ਤਕਨੀਕੀ ਕੰਪਨੀਆਂ ਵਿੱਚੋਂ ਇੱਕ ਹੈ। ਇਸ ਦਾ ਮਾਲੀਆ ਇਸ਼ਤਿਹਾਰਬਾਜ਼ੀ ਤੋਂ ਆਉਂਦਾ ਹੈ। 2025 ਵਿੱਚ ਮੈਟਾ ਦਾ ਵਿਸ਼ਵਵਿਆਪੀ ਮਾਲੀਆ ਲੱਗਭੱਗ 201 ਅਰਬ ਡਾਲਰ ਸੀ। ਭਾਰਤ ਵਿੱਚ ਫੇਸਬੁੱਕ, ਇੰਸਟਾਗ੍ਰਾਮ ਅਤੇ ਵ੍ਹਟਸਐਪ ਦੇ ਉਪਭੋਗਤਾਵਾਂ ਦੀ ਗਿਣਤੀ ਦੁਨੀਆ ਵਿੱਚ ਸਭ ਤੋਂ ਵੱਧ ਹੈ, ਪਰ ਭਾਰਤ ਤੋਂ ਉਸ ਨੂੰ ਓਨੀ ਕਮਾਈ ਨਹੀਂ ਹੁੰਦੀ, ਜਿੰਨੀ ਉਹ ਅਮਰੀਕਾ ਜਾਂ ਯੂਰਪ ਵਿੱਚ ਕਰਦੀ ਹੈ। ਤਾਂ ਵੀ ਲੱਖਾਂ ਨਵੇਂ ਇੰਟਰਨੈੱਟ ਉਪਭੋਗਤਾ, ਛੋਟੇ ਕਾਰੋਬਾਰ, ਸਿਆਸੀ ਪਾਰਟੀਆਂ, ਮੀਡੀਆ ਆਊਟਲੈਟਸ, ਫਿਲਮ ਉਦਯੋਗ, ਧਾਰਮਿਕ ਸੰਗਠਨ ਅਤੇ ਸਰਕਾਰੀ ਵਿਭਾਗ ਇਸ ਦੇ ਪਲੇਟਫਾਰਮਾਂ 'ਤੇ ਨਿਰਭਰ ਕਰਦੇ ਹਨ, ਜਦੋਂ ਕਿ ਵਿਕਸਤ ਦੇਸ਼ਾਂ ਵਿੱਚ ਬਾਜ਼ਾਰ ਲਬਾਲਬ ਭਰ ਚੁੱਕਾ ਹੈ, ਭਾਰਤ ਵਿੱਚ ਡਿਜੀਟਲ ਇਸ਼ਤਿਹਾਰਬਾਜ਼ੀ ਅਤੇ ਇੰਟਰਨੈੱਟ ਕਾਰੋਬਾਰ ਅਜੇ ਵੀ ਵਧ ਰਿਹਾ ਹੈ। ਇਸ ਲਈ ਭਾਰਤ ਮੈਟਾ ਦੇ ਭਵਿੱਖ ਲਈ ਇਸ ਦੇ ਮੌਜੂਦਾ ਮਾਲੀਏ ਨਾਲੋਂ ਵਧੇਰੇ ਮਹੱਤਵਪੂਰਨ ਹੈ।

ਇੰਨੇ ਵੱਡੇ ਬਾਜ਼ਾਰ ਵਿੱਚ ਕਿਸੇ ਵੀ ਕੰਪਨੀ ਲਈ ਸਰਕਾਰ ਦਾ ਸਾਹਮਣਾ ਕਰਨਾ ਕੋਈ ਸੌਖਾ ਕੰਮ ਨਹੀਂ। ਸਰਕਾਰ ਨੋਟਿਸ ਜਾਰੀ ਕਰ ਸਕਦੀ ਹੈ, ਸਮੱਗਰੀ ਨੂੰ ਹਟਾਉਣ ਦੀ ਮੰਗ ਕਰ ਸਕਦੀ ਹੈ, ਅਧਿਕਾਰੀਆਂ ਵਿਰੁੱਧ ਮੁਕੱਦਮੇ ਦਾਇਰ ਕਰ ਸਕਦੀ ਹੈ ਅਤੇ ਕੰਪਨੀ ਦੀ ਕਾਨੂੰਨੀ ਸੁਰੱਖਿਆ 'ਤੇ ਸਵਾਲ ਉਠਾ ਸਕਦੀ ਹੈ। ਇਸ ਲਈ ਮੈਟਾ ਭਾਰਤ ਸਰਕਾਰ ਦੀ ਨਾਰਾਜ਼ਗੀ ਨੂੰ ਹਲਕੇ ਵਿੱਚ ਨਹੀਂ ਲੈ ਸਕਦਾ। ਜੁਲਾਈ 2026 ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇੱਕ ਵੀਡੀਓ ਨੂੰ ਫੇਸਬੁੱਕ 'ਤੇ ਅਸਥਾਈ ਤੌਰ 'ਤੇ ਪਾਬੰਦੀ ਲਗਾਈ ਗਈ ਸੀ। ਮੈਟਾ ਨੇ ਇਸ ਦਾ ਕਾਰਨ ਇੱਕ ਪ੍ਰਕਿਰਿਆ ਗਲਤੀ ਦੱਸਿਆ। ਭਾਜਪਾ ਸੰਸਦ ਮੈਂਬਰ ਅਤੇ ਸੰਚਾਰ ਤੇ ਸੂਚਨਾ ਤਕਨਾਲੋਜੀ ਬਾਰੇ ਸੰਸਦੀ ਸਥਾਈ ਕਮੇਟੀ ਦੇ ਚੇਅਰਮੈਨ ਨਿਸ਼ੀਕਾਂਤ ਦੂਬੇ ਨੇ ਕਿਹਾ ਕਿ ਮੈਟਾ ਦੇ ਭਾਰਤੀ ਅਧਿਕਾਰੀਆਂ ਵੱਲੋਂ ਦਿੱਤਾ ਗਿਆ ਸਪੱਸ਼ਟੀਕਰਨ ਨਾਕਾਫੀ ਹੈ ਅਤੇ ਮਾਰਕ ਜ਼ੁਕਰਬਰਗ ਖੁਦ ਮੁਆਫੀ ਮੰਗਣ। ਉਸ ਨੇ ਮੈਟਾ ਦੀ ਕਾਨੂੰਨੀ ਸੁਰੱਖਿਆ ਵਾਪਸ ਲੈਣ ਦੀ ਧਮਕੀ ਵੀ ਦੇ ਦਿੱਤੀ। ਇਸ ਤੋਂ ਬਾਅਦ ਭਾਰਤ ਸਰਕਾਰ ਅਤੇ ਮੈਟਾ ਦੇ ਸੀਨੀਅਰ ਅਧਿਕਾਰੀਆਂ ਵਿਚਕਾਰ ਮੀਟਿੰਗ ਹੋਈ। ਮੈਟਾ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਦੇ ਵੀਡੀਓ ਨੂੰ ਹਟਾਉਣ ਲਈ ਅਫਸੋਸ ਪ੍ਰਗਟ ਕੀਤਾ ਅਤੇ ਜ਼ੁਕਰਬਰਗ ਨੇ ਮੁਆਫੀ ਵੀ ਮੰਗੀ। ਹਾਲਾਂਕਿ ਇਹ ਵੀ ਸੱਚ ਹੈ ਕਿ ਜ਼ੁਕਰਬਰਗ ਨੇ ਭਾਰਤੀ ਨਾਗਰਿਕਾਂ ਜਾਂ ਸੰਸਦ ਤੋਂ ਜਨਤਕ ਤੌਰ 'ਤੇ ਮੁਆਫੀ ਨਹੀਂ ਮੰਗੀ। ਕੰਪਨੀ ਦੀ ਜ਼ਿੰਮੇਵਾਰੀ ਸਵੀਕਾਰ ਕਰਨ ਅਤੇ ਭਵਿੱਖ ਵਿੱਚ ਹੋਣ ਵਾਲੇ ਬਦਲਾਵਾਂ ਨੂੰ ਸਪੱਸ਼ਟ ਤੌਰ 'ਤੇ ਦਰਸਾਉਣ ਵਾਲਾ ਕੋਈ ਵਿਸਤ੍ਰਿਤ ਜਨਤਕ ਪੱਤਰ ਸਾਹਮਣੇ ਨਹੀਂ ਆਇਆ। ਇੱਥੇ ਹੀ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਮੈਟਾ ਦੀ ਜਵਾਬਦੇਹੀ ਵਿੱਚ ਅੰਤਰ ਦਿਖਾਈ ਦਿੰਦਾ ਹੈ। ਅਮਰੀਕਾ ਵਿੱਚ ਕੈਂਬਰਿਜ ਐਨਾਲਿਟਿਕਾ ਸਕੈਂਡਲ ਤੋਂ ਬਾਅਦ ਜ਼ੁਕਰਬਰਗ ਨੂੰ ਘੰਟਿਆਂਬੱਧੀ ਕਾਂਗਰਸ ਦੇ ਸਾਹਮਣੇ ਬੈਠਣਾ ਪਿਆ, ਸਵਾਲਾਂ ਦੇ ਜਵਾਬ ਦੇਣੇ ਪਏ। ਲੱਖਾਂ ਲੋਕਾਂ ਦੇ ਡੇਟਾ ਨੂੰ ਸਹੀ ਸਹਿਮਤੀ ਤੋਂ ਬਿਨਾਂ ਸਿਆਸੀ ਪ੍ਰਚਾਰ ਲਈ ਵਰਤਿਆ ਗਿਆ। ਅਮਰੀਕੀ ਰੈਗੂਲੇਟਰਾਂ ਨੇ ਫੇਸਬੁੱਕ ਨੂੰ 5 ਅਰਬ ਡਾਲਰ ਦਾ ਜੁਰਮਾਨਾ ਲਗਾਇਆ, ਜਿਸ ਨਾਲ ਕੰਪਨੀ ਨੂੰ ਆਪਣੀ ਗੋਪਨੀਅਤਾ ਅਤੇ ਨਿਗਰਾਨੀ ਪ੍ਰਣਾਲੀਆਂ ਵਿੱਚ ਸੁਧਾਰ ਕਰਨ ਲਈ ਮਜਬੂਰ ਹੋਣਾ ਪਿਆ। ਯੂਰਪੀਅਨ ਯੂਨੀਅਨ ਨੇ ਡੇਟਾ ਸੁਰੱਖਿਆ ਉਲੰਘਣਾਵਾਂ ਲਈ ਮੈਟਾ ਨੂੰ ਅਰਬਾਂ ਯੂਰੋ ਦਾ ਜੁਰਮਾਨਾ ਲਗਾਇਆ। ਯੂਰਪੀਅਨ ਨਾਗਰਿਕਾਂ ਦਾ ਡੇਟਾ ਅਮਰੀਕਾ ਭੇਜਣ ਲਈ ਜੁਰਮਾਨਾ 1.2 ਅਰਬ ਯੂਰੋ ਸੀ। ਇਸ ਤੋਂ ਇਲਾਵਾ ਵੀ ਮੈਟਾ ਨੂੰ ਕਈ ਹੋਰ ਦੇਸ਼ਾਂ ਵਿੱਚ ਨਾ ਸਿਰਫ ਮੁਆਫੀ ਮੰਗਣੀ ਪਈ, ਸਗੋਂ ਸੰਸਦ ਵਿੱਚ ਗਵਾਹੀਆਂ, ਲਿਖਤੀ ਜਾਂਚਾਂ, ਅਰਬਾਂ ਦੇ ਜੁਰਮਾਨੇ, ਕੰਪਨੀ ਨੂੰ ਵੇਚਣ ਦੇ ਆਦੇਸ਼ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਜਵਾਬਦੇਹੀ ਦਾ ਵੀ ਸਾਹਮਣਾ ਕਰਨਾ ਪਿਆ ਹੈ। ਭਾਰਤ ਵਿੱਚ ਮਾਮਲਾ ਇਸ ਵੇਲੇ ਬੰਦ ਦਰਵਾਜ਼ੇ ਦੀਆਂ ਮੀਟਿੰਗਾਂ, ਸਰਕਾਰੀ ਬਿਆਨਾਂ ਅਤੇ ਮੁਆਫੀ ਤੱਕ ਸੀਮਤ ਰਹਿ ਗਿਆ।

ਭਾਰਤ ਵਿੱਚ ਨਿਯੁਕਤ ਕੀਤੇ ਗਏ ਮੈਟਾ ਅਧਿਕਾਰੀਆਂ ਦੇ ਭਾਜਪਾ/ਆਰ ਐੱਸ ਐੱਸ ਨਾਲ ਸੰਬੰਧਾਂ ਬਾਰੇ ਵੀ ਸਵਾਲ ਉਠਾਏ ਗਏ ਹਨ। ਸਭ ਤੋਂ ਵਿਵਾਦਪੂਰਨ ਮੁੱਦਾ ਮੈਟਾ ਦੇ ਸਾਬਕਾ ਜਨਤਕ ਨੀਤੀ ਮੁਖੀ, ਅਣਖੀ ਦਾਸ ਨਾਲ ਸੰਬੰਧਤ ਸੀ। 2020 ਵਿੱਚ ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਫੇਸਬੁੱਕ ਕੁਝ ਭਾਜਪਾ ਨੇਤਾਵਾਂ ਵੱਲੋਂ ਭੜਕਾਊ ਪੋਸਟਾਂ 'ਤੇ ਆਪਣੇ ਨਿਯਮਾਂ ਨੂੰ ਲਾਗੂ ਕਰਨ ਵਿੱਚ ਨਰਮ ਰਿਹਾ ਹੈ। ਅਣਖੀ ਦਾਸ ਨੇ ਕੰਪਨੀ ਦੇ ਅੰਦਰ ਇਹ ਪ੍ਰਗਟਾਵਾ ਕੀਤਾ ਸੀ ਕਿ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਵਿਰੁੱਧ ਕਾਰਵਾਈ ਕਰਨ ਨਾਲ ਭਾਰਤ ਵਿੱਚ ਫੇਸਬੁੱਕ ਦੇ ਵਪਾਰਕ ਹਿੱਤਾਂ ਨੂੰ ਨੁਕਸਾਨ ਪਹੁੰਚ ਸਕਦਾ ਹੈ। ਉਸ ਦੀਆਂ ਕੁਝ ਪਹਿਲਾਂ ਦੀਆਂ ਟਿੱਪਣੀਆਂ ਅਤੇ ਪੋਸਟਾਂ ਨੂੰ ਭਾਜਪਾ ਅਤੇ ਨਰਿੰਦਰ ਮੋਦੀ ਦੇ ਸਮਰਥਨ ਵਜੋਂ ਵੀ ਦੇਖਿਆ ਗਿਆ ਸੀ। ਵਿਵਾਦ ਵਧਣ ਤੋਂ ਬਾਅਦ ਉਸ ਨੇ ਕੰਪਨੀ ਛੱਡ ਦਿੱਤੀ। ਇੱਕ ਹੋਰ ਨਾਂਅ ਸ਼ਿਵਨਾਥ ਠੁਕਰਾਲ ਹੈ, ਜੋ ਮੈਟਾ ਇੰਡੀਆ ਵਿੱਚ ਇੱਕ ਮਹੱਤਵਪੂਰਨ ਜਨਤਕ ਨੀਤੀ ਦਾ ਅਹੁਦਾ ਸੰਭਾਲਦਾ ਸੀ। ਭਾਜਪਾ ਅਤੇ ਨਰਿੰਦਰ ਮੋਦੀ ਲਈ ਸਿਆਸੀ ਸੰਚਾਰ ਵਿੱਚ ਸ਼ਾਮਲ ਇੱਕ ਕੰਪਨੀ ਨਾਲ ਉਸ ਦੇ ਪੇਸ਼ੇਵਰ ਸੰਬੰਧਾਂ ਦੀਆਂ ਰਿਪੋਰਟਾਂ ਸਾਹਮਣੇ ਆਈਆਂ।

ਫੇਸਬੁੱਕ ਅਤੇ ਇੰਸਟਾਗ੍ਰਾਮ ਉਸ ਸਮੱਗਰੀ ਨੂੰ ਵਧਾਉਂਦੇ ਹਨ, ਜੋ ਸਭ ਤੋਂ ਵੱਧ ਪ੍ਰਤੀਕਿਰਿਆਵਾਂ ਪੈਦਾ ਕਰਦੀ ਹੈ। ਗੁੱਸਾ, ਡਰ, ਨਫਰਤ, ਧਾਰਮਿਕ ਤਣਾਅ ਅਤੇ ਨਿੱਜੀ ਅਪਮਾਨ ਅਕਸਰ ਤੱਥਾਂ ਅਤੇ ਸ਼ਾਂਤ ਸਮੱਗਰੀ ਨਾਲੋਂ ਜ਼ਿਆਦਾ ਪ੍ਰਤੀਕਿਰਿਆਵਾਂ ਪੈਦਾ ਕਰਦੇ ਹਨ। ਐਲਗੋਰਿਦਮ ਨੂੰ ਸ਼ਾਇਦ ਕਿਸੇ ਸਿਆਸੀ ਪਾਰਟੀ ਦੇ ਨਾਂਅ ਨਾ ਪਤਾ ਹੋਵੇ, ਪਰ ਇਹ ਉਸ ਸਿਆਸਤ ਨੂੰ ਲਾਭ ਪਹੁੰਚਾਉਂਦਾ ਹੈ, ਜੋ ਸਮਾਜ ਵਿੱਚ ਸਭ ਤੋਂ ਵੱਧ ਜਨੂੰਨ ਅਤੇ ਧਰੁਵੀਕਰਨ ਪੈਦਾ ਕਰਦੀ ਹੈ। ਇੱਕ ਹੋਰ ਵੱਡਾ ਰਸਤਾ ਸਿਆਸੀ ਇਸ਼ਤਿਹਾਰਬਾਜ਼ੀ ਹੈ। ਜਿਨ੍ਹਾਂ ਕੋਲ ਵਧੇਰੇ ਪੈਸਾ, ਬਿਹਤਰ ਡੇਟਾ ਅਤੇ ਇੱਕ ਮਜ਼ਬੂਤ ਡਿਜੀਟਲ ਟੀਮ ਹੈ, ਉਹ ਆਪਣਾ ਸੁਨੇਹਾ ਇੱਕ ਖਾਸ ਉਮਰ, ਜਾਤ, ਧਰਮ, ਖੇਤਰ, ਭਾਸ਼ਾ ਅਤੇ ਦਿਲਚਸਪੀ ਵਾਲੇ ਲੋਕਾਂ ਤੱਕ ਪਹੁੰਚਾ ਸਕਦੇ ਹਨ। ਇਸ ਪ੍ਰਣਾਲੀ ਵਿੱਚ ਆਰਥਿਕ ਅਤੇ ਸਿਆਸੀ ਤੌਰ 'ਤੇ ਸ਼ਕਤੀਸ਼ਾਲੀ ਪਾਰਟੀ ਨੂੰ ਕੁਦਰਤੀ ਤੌਰ 'ਤੇ ਫਾਇਦਾ ਹੁੰਦਾ ਹੈ।

ਪ੍ਰਧਾਨ ਮੰਤਰੀ ਦਾ ਵੀਡੀਓ ਗਲਤੀ ਨਾਲ ਹਟਾਉਣ 'ਤੇ ਸੰਸਦੀ ਕਮੇਟੀ, ਮੰਤਰਾਲਾ ਅਤੇ ਮੈਟਾ ਦੀ ਉੱਚ ਲੀਡਰਸ਼ਿਪ ਤੁਰੰਤ ਹਰਕਤ ਵਿੱਚ ਆ ਗਈ। ਕਿਸੇ ਦਲਿਤ, ਘੱਟਗਿਣਤੀ, ਪੱਤਰਕਾਰ, ਔਰਤ ਜਾਂ ਆਮ ਨਾਗਰਿਕ ਨੂੰ ਹਜ਼ਾਰਾਂ ਗਾਲਾਂ, ਬਲਾਤਕਾਰ ਦੀਆਂ ਧਮਕੀਆਂ ਅਤੇ ਮੌਤ ਦੀਆਂ ਧਮਕੀਆਂ ਮਿਲਦੀਆਂ ਹਨ, ਤਾਂ ਮੈਟਾ ਤੁਰੰਤ ਹਰਕਤ ਵਿੱਚ ਨਹੀਂ ਆਉਂਦੀ? ਮੈਟਾ ਨੂੰ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਵੀ ਲੈਣੀ ਚਾਹੀਦੀ ਹੈ। ਜਵਾਬਦੇਹੀ ਸਿਰਫ ਪ੍ਰਧਾਨ ਮੰਤਰੀ ਅਤੇ ਸੱਤਾਧਾਰੀ ਪਾਰਟੀ ਦੀ ਸਾਖ ਤੱਕ ਸੀਮਤ ਨਹੀਂ ਹੋ ਸਕਦੀ। ਲੋਕਤੰਤਰ ਵਿੱਚ ਨਿਯਮ ਪ੍ਰਧਾਨ ਮੰਤਰੀ ਦੇ ਵੀਡੀਓ ਨਾਲ ਸ਼ੁਰੂ ਨਹੀਂ ਹੋ ਸਕਦੇ ਅਤੇ ਪ੍ਰਧਾਨ ਮੰਤਰੀ ਦੇ ਵੀਡੀਓ ਨਾਲ ਖਤਮ ਨਹੀਂ ਹੋ ਸਕਦੇ।

# ਗੰਭੀਰ ਹੋ ਰਿਹਾ ਜਲ ਸੰਕਟ

**ਡਾ. ਅਨੂਪ ਸਿੰਘ**

ਸਾਲ 2030 ਤੱਕ ਪੂਰੀ ਦੁਨੀਆਂ ਦੇ 33 ਦੇਸ਼ ਗੰਭੀਰ ਜਲ ਸੰਕਟ ਦਾ ਸ਼ਿਕਾਰ ਹੋ ਜਾਣਗੇ । ਭਾਰਤ ਉਨ੍ਹਾਂ ਵਿਚੋਂ ਇਕ ਹੈ । ਸਾਡੇ ਦੇਸ਼ ਦੇ 13 ਰਾਜ ਜਿਹੜੇ ਗੰਭੀਰ ਜਲ ਸੰਕਟ ਦੀ ਗ੍ਰਿਫ਼ਤ ਵਿਚ ਆਉਣਗੇ, ਪੰਜਾਬ ਉਨ੍ਹਾਂ 'ਚੋਂ ਇਕ ਹੈ । ਦੇਸ਼ ਦੇ ਜਿਹੜੇ 258 ਜ਼ਿਲ੍ਹਿਆਂ ਵਿਚ ਗੰਭੀਰ ਜਲ ਸੰਕਟ ਬਣ ਰਿਹਾ ਹੈ, ਪੰਜਾਬ ਦੇ 17 ਜ਼ਿਲ੍ਹੇ ਉਨ੍ਹਾਂ ਵਿਚ ਸ਼ਾਮਲ ਹਨ । ਪੰਜਾਬ ਦੇ ਕੁੱਲ 153 ਜਲ ਮੁਲੰਕਣ ਬਲਾਕਾਂ ਵਿਚ 111 ਵਿਚ ਬੇਤਹਾਸ਼ਾ ਪਾਣੀ ਕੱਢਿਆ ਜਾ ਚੁੱਕਾ ਹੈ । ਕੱਢੇ ਜਾਣ ਯੋਗ ਸੀਮਾ ਤੋਂ 56 ਫੀਸਦੀ ਪਾਣੀ ਵੱਧ ਕੱਢਿਆ ਜਾ ਰਿਹਾ ਹੈ।

ਸਭ ਤੋਂ ਵੱਧ ਪ੍ਰਭਾਵਤ ਜ਼ਿਲਿਆਂ 'ਚ ਸੰਗਰੂਰ, ਮਲੇਰਕੋਟਲਾ, ਜਲੰਧਰ, ਕਪੂਰਥਲਾ, ਮੋਗਾ, ਬਰਨਾਲਾ, ਪਟਿਆਲਾ ਤੇ ਤਰਨ ਤਾਰਨ ਹਨ । ਨੈਸ਼ਨਲ ਗਰੀਨ ਟ੍ਰਿਬਿਊਨਲ ਦੀ ਮਾਰਚ 2023 ਦੀ ਰਿਪੋਰਟ ਅਨੁਸਾਰ, ਜੇ ਅਸੀਂ ਨਾ ਸੰਭਲੇ ਅਤੇ ਜ਼ਮੀਨ ਹੇਠਲੇ ਪਾਣੀ ਦੀ ਮੁੜ ਤੋਂ ਲਗਾਤਾਰ ਭਰਪਾਈ ਨਾ ਕੀਤੀ, ਤਦ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਸਤਹ 2039 ਵਿਚ 984 ਫੁੱਟ 'ਤੇ ਪਹੁੰਚ ਜਾਏਗੀ । ਪੰਜਾਬ 'ਚ ਹਰ ਸਾਲ 80 ਸੈਂਟੀਮੀਟਰ ਦੇ ਹਿਸਾਬ ਨਾਲ ਪਾਣੀ ਦੀ ਸਤਹ ਹੇਠਾਂ ਜਾ ਰਹੀ ਹੈ । ਇਸ ਰਿਪੋਰਟ ਅਨੁਸਾਰ ਪੰਜਾਬ ਦੇ ਜਲ ਵਹਿਣ ਸੁੱਕ ਚੱਲੇ ਹਨ ਅਤੇ ਧਰਤੀ ਹੇਠ ਸਿਰਫ਼ 17 ਵਰ੍ਹਿਆਂ ਦੀ ਵਰਤੋਂ ਜੋਗਾ ਹੀ ਪਾਣੀ ਬਚਿਆ ਹੈ ਅਤੇ ਉਹ ਵੀ ਬੇਹੱਦ ਡੂੰਘਾ ।

ਭਾਰਤ ਦੀ ਵੱਸੋਂ ਵਿਸ਼ਵ ਵੱਸੋਂ ਦਾ 17-18 ਫੀਸਦੀ ਹੈ, ਪਰ ਵਿਸ਼ਵ ਦੇ ਪਾਣੀ ਦੇ ਸੋਮਿਆਂ ਵਿਚ ਭਾਰਤ ਦਾ ਹਿੱਸਾ ਕੇਵਲ 4 ਫੀਸਦੀ ਹੈ । ਫਿਰ ਵੀ ਅਸੀਂ ਭਾਰਤੀ ਪਾਣੀ ਦੀ ਵਰਤੋਂ ਪੂਰੀ ਬੇਹਯਾਈ ਤੇ ਬੇਕਿਰਕੀ ਨਾਲ ਕਰ ਰਹੇ ਹਾਂ । ਸਾਲ 2007 ਤੇ 2017 ਦੇ ਦਹਾਕੇ ਵਿਚ ਧਰਤੀ ਹੇਠਲਾ ਪਾਣੀ 60 ਫੀਸਦੀ ਘਟਿਆ ਹੈ । ਜਿਹੜਾ ਪਾਣੀ ਅਸੀਂ ਧਰਤੀ ਹੇਠੋਂ ਕੱਢ ਰਹੇ ਹਾਂ, ਉਸ ਦਾ 90 ਫੀਸਦੀ ਹਿੱਸਾ ਖੇਤੀ ਲਈ ਵਰਤਿਆ ਜਾ ਰਿਹਾ ਹੈ । ਦੂਜੇ ਪਾਸੇ ਅਸੀਂ ਧਰਤੀ ਹੇਠਲੇ ਪਾਣੀ ਨੂੰ ਨਵਿਆਉਣ ਲਈ ਕੋਈ ਪ੍ਰਭਾਵਸ਼ਾਲੀ ਯੋਜਨਾ ਨਹੀਂ ਬਣਾ ਸਕੇ, ਉਲਟਾ ਅਸੀਂ ਧਰਤੀ ਉੱਪਰਲੇ ਪਾਣੀ ਨੂੰ ਗੰਧਲਾ ਵੀ ਕਰ ਰਹੇ ਹਾਂ।

ਬੀਤੀ ਸਦੀ ਦੇ ਸ਼ੁਰੂ ਵਿਚ ਭਾਵ 1901-10 ਵਿਚ ਭਾਰਤ ਵਿਚ ਪ੍ਰਤੀ ਵਿਅਕਤੀ ਪਾਣੀ ਦੀ ਉਪਲਭਧਤਾ 8192 ਘਣ ਮੀਟਰ ਪ੍ਰਤੀ ਸਾਲ ਸੀ । ਸਾਲ 1947 'ਚ ਭਾਰਤ ਦੀ ਆਜ਼ਾਦੀ ਵੇਲੇ ਇਹ ਘਟ ਕੇ 6000 ਘਣ ਮੀਟਰ ਰਹਿ ਗਈ ਅਤੇ ਆਜ਼ਾਦੀ ਦੀ ਅੱਧੀ ਸਦੀ ਬਾਅਦ ਭਾਵ 20ਵੀਂ ਸਦੀ ਦੇ ਅੰਤ 'ਤੇ ਇਹ ਹੋਰ ਘਟ ਕੇ 5694 ਘਣ ਮੀਟਰ ਰਹਿ ਗਈ । ਇਸ ਤੋਂ ਬਾਅਦ ਇਹ ਬੇਹੱਦ ਤੇਜ਼ੀ ਨਾਲ ਘਟੀ ਅਤੇ 2010 ਤੱਕ ਆਉਂਦੇ-ਆਉਂਦੇ ਘਟ ਕੇ ਕੇਵਲ 1600 ਘਣ ਮੀਟਰ ਪ੍ਰਤੀ ਵਿਅਕਤੀ ਰਹਿ ਗਈ । ਕੇਂਦਰੀ ਜਲ ਸਰੋਤ ਮੰਤਰਾਲੇ ਅਨੁਸਾਰ ਪ੍ਰਤੀ ਵਿਅਕਤੀ ਜਲ ਉਪਲਭਧਤਾ 2025 ਤੱਕ 1341 ਘਣ ਮੀਟਰ ਅਤੇ ਸਾਲ 2050 ਤੱਕ ਪ੍ਰਤੀ ਵਿਅਕਤੀ ਪਾਣੀ ਦੀ ਉਪਲਭਧਤਾ 1140 ਘਣ ਮੀਟਰ ਰਹਿ ਜਾਏਗੀ ।

ਇਕ ਹੋਰ ਪ੍ਰਤਿਸ਼ਠ ਅਧਿਐਨ ਅਨੁਸਾਰ ਭਾਰਤ ਵਿਚ ਪ੍ਰਤੀ ਵਿਅਕਤੀ ਪਾਣੀ ਦੀ ਉਪਲਭਧਤਾ ਘਟਣ ਦੀ ਰਫ਼ਤਾਰ ਹੇਠਾਂ ਦਿੱਤੀ ਸਾਰਣੀ ਤੋਂ ਸਵੈ-ਸਪੱਸ਼ਟ ਹੋ ਜਾਂਦੀ ਹੈ ।

| ਸਾਲ | ਪ੍ਰਤੀ ਵਿਅਕਤੀ ਸਾਲਾਨਾ ਪਾਣੀ ਦੀ ਉਪਲੱਬਧਤਾ (ਕਿਊਬਕ ਮੀਟਰਾਂ 'ਚ) |
|---|---|
| 1961 | 5000 |
| 1971 | 4197 |
| 1981 | 2895 |
| 1991 | 2309 |
| 2001 | 1816 |
| 2011 | 1545 |
| 2021 | 1486 |

ਵਧਦੀ ਆਬਾਦੀ; ਸ਼ਹਿਰੀਕਰਨ; ਝੋਨੇ ਤੇ ਕਮਾਦ ਵਰਗੀਆਂ ਫਸਲਾਂ ਦੀ ਵਧਦੀ ਬਿਜਾਈ; ਛੱਪੜਾਂ, ਤਲਾਬਾਂ ਤੇ ਝੀਲਾਂ ਆਦਿ 'ਤੇ ਕਬਜ਼ੇ; ਦਰਿਆਵਾਂ ਤੇ ਨਦੀਆਂ ਨੂੰ ਪ੍ਰਦੂਸ਼ਤ ਕਰਨਾ; ਮੌਸਮੀ ਤਬਦੀਲੀਆਂ; ਬਾਰਸ਼ ਦੇ ਪਾਣੀ ਨੂੰ ਸੰਭਾਲਣ ਤੇ ਸੋਖਣ 'ਚ ਲੋੜੀਂਦੀ ਸਮਰੱਥਾ ਨਾ ਵਧਣੀ ; ਜੰਗਲਾਂ ਤੇ ਰੁੱਖਾਂ ਦੀ ਬੇਕਿਰਕ ਕਟਾਈ ;ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਦੀਆਂ ਨੀਤੀਆਂ ਤੇ ਮੌਜੂਦਾ ਪੂੰਜੀਵਾਦੀ ਵਿਕਾਸ ਮਾਡਲ ਅਤੇ ਆਧੁਨਿਕ ਜੀਵਨ ਦੀਆਂ ਵਧਦੀਆਂ ਲੋੜਾਂ ਆਦਿ ਪਾਣੀ ਦੀ ਪ੍ਰਤੀ ਵਿਅਕਤੀ ਉਪਲਭਧਤਾ ਘਟਣ ਦੇ ਪ੍ਰਮੁੱਖ ਕਾਰਨ ਹਨ ।

ਵਿਸ਼ਵ ਸ੍ਰੋਤ ਸੰਸਥਾ ਦੀ ਮਾਰਚ 2016 ਦੀ ਰਿਪੋਰਟ ਅਨੁਸਾਰ ਭਾਰਤ ਦੇ 54 ਫੀਸਦੀ ਹਿੱਸੇ 'ਚ ਪਾਣੀ ਦੀ ਘਾਟ ਨੋਟ ਕੀਤੀ ਜਾ ਰਹੀ ਹੈ । ਨੀਤੀ ਆਯੋਗ ਵੱਲੋਂ ਸਾਲ 2018 'ਚ ਜਾਰੀ ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਇਕ ਪਾਸੇ ਦੇਸ਼ ਦੇ ਕਰੀਬ 60 ਕਰੋੜ ਲੋਕ ਪਾਣੀ ਦੀ ਭਿਆਨਕ ਘਾਟ ਨਾਲ ਜੂਝ ਰਹੇ ਹਨ ਅਤੇ ਦੂਜੇ ਪਾਸੇ 70 ਫੀਸਦੀ ਪਾਣੀ ਪੀਣ ਯੋਗ ਨਹੀਂ ਰਿਹਾ । ਜ਼ਮੀਨ ਹੇਠਲੇ ਪਾਣੀ ਦਾ ਪੱਧਰ ਡਿੱਗਣ, ਸੋਕਾ, ਖੇਤੀ, ਕਾਰਖ਼ਾਨਿਆਂ ਅਤੇ ਉਸਾਰੀ ਕੰਮਾਂ 'ਚ ਵਧਦੀ ਪਾਣੀ ਦੀ ਮੰਗ, ਜਲ ਸਰੋਤਾਂ 'ਚ ਵਧਦੇ ਜਾ ਰਹੇ ਪ੍ਰਦੂਸ਼ਣ ਅਤੇ ਗ਼ਲਤ ਜਲ ਪ੍ਰਬੰਧਨ ਯੋਜਨਾਵਾਂ ਵਰਗੀਆਂ ਚੁਣੌਤੀਆਂ; ਮੌਸਮੀ ਬਦਲਾਉ ਅਤੇ ਜਲਵਾਯੂ ਪਰਿਵਰਤਨ ਦੇ ਨਾਲ ਪਾਣੀ ਦਾ ਸੰਕਟ ਹੋਰ ਵਧ ਜਾਵੇਗਾ । ਕੇਂਦਰੀ ਸਰਕਾਰ ਦੇ ਇਕ ਸਰਵੇਖਣ ਅਨੁਸਾਰ ਭਾਰਤ ਵਿਚ ਹਰ ਸਾਲ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਨਾਲ 25 ਲੱਖ ਲੋਕ ਮਰ ਜਾਂਦੇ ਹਨ । ਕੇਂਦਰ ਸਰਕਾਰ, ਅਰਥ ਤੇ ਵਾਤਾਵਰਣ ਵਿਗਿਆਨੀਆਂ ਅਨੁਸਾਰ ਇਹ ਇਕ ਅੰਕੜਾ ਹੈ, ਪਰ 25 ਲੱਖ ਪਰਵਾਰਾਂ ਦੇ ਸੁਪਨਿਆਂ ਤੇ ਰੀਝਾਂ ਦੇ ਕਤਲ ਲਈ ਕੌਣ ਜ਼ਿੰਮੇਵਾਰ ਹੈ ? ਸਵੈ-ਸ਼ਾਸਨ ਦੇ ਅੱਠ ਦਹਾਕਿਆਂ ਬਾਅਦ ਵੀ ਦੇਸ਼ 'ਚ 16 ਕਰੋੜ ਤੋਂ ਵੱਧ ਲੋਕ ਅਜਿਹੇ ਹਨ, ਜੋ ਪੀਣ ਯੋਗ ਪਾਣੀ ਨੂੰ ਤਰਸਦੇ ਹਨ ।

ਪਾਣੀ ਦੇ ਸੋਮੇ ਸੁੱਕ ਰਹੇ ਹਨ ਤੇ ਖ਼ੁਸ਼ਕ ਹੋ ਰਹੇ ਹਨ । ਬਾਰਸ਼ ਦੇ ਪਾਣੀ ਨੂੰ ਸੰਭਾਲਣ ਦੇ ਸਾਡੇ ਪਾਸ ਕਾਰਗਰ ਢੰਗ-ਤਰੀਕੇ ਨਹੀਂ ਹਨ ਅਤੇ ਵੱਡੀ ਬਹੁਗਿਣਤੀ ਇਸ ਬੇਸ਼ਕੀਮਤੀ ਅਸਾਸੇ ਨੂੰ ਸੰਭਾਲਣ ਲਈ ਸੁਚੇਤ ਤਾਂ ਹੈ, ਪਰ ਉਨ੍ਹਾਂ ਪਾਸ ਕਾਰਗਰ ਸਮਰੱਥਾ ਨਹੀਂ। ਦੂਜੇ ਪਾਸੇ ਨੀਤੀ ਆਯੋਗ ਦੀ ਚਿਤਾਵਨੀ ਹੈ ਕਿ 2030 ਤੱਕ ਪਾਣੀ ਦੀ ਮੰਗ ਤੇ ਸਪਲਾਈ ਵਿਚ 40 ਫੀਸਦੀ ਦਾ ਫਰਕ ਪੈਣ ਨਾਲ 70 ਕਰੋੜ ਲੋਕ ਪ੍ਰਭਾਵਤ ਹੋ ਸਕਦੇ ਹਨ । ਦੇਸ਼ ਦੀ ਲਗਭਗ ਅੱਧੀ ਵੱਸੋਂ ਖੇਤੀ ਉੱਪਰ ਸਿੱਧੇ/ਅਸਿੱਧੇ ਰੂਪ 'ਚ ਨਿਰਭਰ ਹੈ । ਮੌਨਸੂਨ ਜਾਂ ਪਾਣੀ ਦੀ ਘਾਟ/ਕਮੀ ਕਾਰਨ ਕਰੋੜਾਂ ਕਿਸਾਨ ਤੇ ਖੇਤ ਮਜ਼ਦੂਰ ਪ੍ਰਭਾਵਤ ਹੁੰਦੇ ਹਨ ।

ਦੁਨੀਆਂ ਭਰ ਵਿਚ 20 ਫੀਸਦੀ ਤਾਜ਼ਾ ਪਾਣੀ ਸਿਰਫ਼ ਸਨਅਤੀ ਇਕਾਈਆਂ ਵਰਤ ਰਹੀਆਂ ਹਨ । ਇਹ ਤਾਂ ਸਵੈ-ਸਿੱਧ ਹੈ ਕਿ ਪਾਣੀ ਦੇ ਸੰਕਟ ਦਾ ਪ੍ਰਭਾਵ ਉਤਪਾਦਨ ਤੇ ਰੁਜ਼ਗਾਰ 'ਤੇ ਵੀ ਪੈ ਰਿਹਾ ਹੈ । ਵਿਸ਼ਵ ਬੈਂਕ ਅਨੁਸਾਰ ਜਲ ਸੰਕਟ ਕਾਰਨ ਭਾਰਤ ਦੇ ਕੁੱਲ ਘਰੇਲੂ ਉਤਪਾਦਨ ਵਿਚ 6 ਫੀਸਦੀ ਤੱਕ ਦੀ ਕਮੀ ਆ ਸਕਦੀ ਹੈ । ਭਾਰਤ ਵਿਚ ਜਲ-ਜੀਵਨ ਮਿਸ਼ਨ ਨਾਲ ਜੁੜੇ ਅਧਿਐਨਾਂ ਅਨੁਸਾਰ ਜੇਕਰ ਘਰਾਂ ਵਿਚ ਸਾਫ਼ ਪਾਣੀ ਮਿਲਣ ਲੱਗ ਜਾਵੇ ਤਾਂ ਛੋਟੇ ਬੱਚਿਆਂ ਦੀ ਮੌਤ ਦਰ ਵਿਚ ਕਾਫ਼ੀ ਕਮੀ ਆ ਸਕਦੀ ਹੈ । ਵਿਸ਼ਵ ਸਿਹਤ ਸੰਸਥਾ ਅਨੁਸਾਰ ਦੂਸ਼ਿਤ ਪਾਣੀ ਤੇ ਸਫ਼ਾਈ ਦੀ ਕਮੀ ਕਾਰਨ ਹਰ ਸਾਲ ਦੁਨੀਆਂ ਭਰ ਵਿਚ ਪੰਜ ਸਾਲ ਤੋਂ ਘੱਟ ਉਮਰ ਦੇ 4.85 ਲੱਖ ਬੱਚਿਆਂ ਦੀ ਮੌਤ ਹੋ ਜਾਂਦੀ ਹੈ, ਭਾਵ ਰੋਜ਼ਾਨਾ ਇਕ ਹਜ਼ਾਰ ਤੋਂ ਵੱਧ ਬੱਚੇ ਦੂਸ਼ਿਤ ਪਾਣੀ ਪੀਣ ਕਾਰਨ ਮੌਤ ਦੇ ਮੂੰਹ 'ਚ ਜਾ ਪੈਂਦੇ ਹਨ । ਯੂਨੀਸੈੱਫ ਅਨੁਸਾਰ ਵਿਸ਼ਵ ਭਰ 'ਚ ਸਕੂਲ ਜਾਂਦੇ ਤਿੰਨਾਂ 'ਚੋਂ ਇਕ ਬੱਚੇ ਨੂੰ ਪੀਣ ਵਾਲਾ ਸਾਫ਼ ਪਾਣੀ ਨਹੀਂ ਮਿਲ ਰਿਹਾ ।

ਨੀਤੀ ਆਯੋਗ ਦੀ ਰਿਪੋਰਟ ਅਨੁਸਾਰ ਭਾਰਤ ਦੇ 21 ਵੱਡੇ ਸ਼ਹਿਰਾਂ ਵਿਚ ਧਰਤੀ ਹੇਠਲਾ ਪਾਣੀ ਖਤਮ ਹੋਣ ਦੇ ਨੇੜੇ ਹੈ, ਜਿਸ ਨਾਲ 10 ਕਰੋੜ ਦੇ ਕਰੀਬ ਲੋਕਾਂ ਦੇ ਪ੍ਰਭਾਵਤ ਹੋਣ ਦਾ ਖਦਸ਼ਾ ਹੈ । ਭਾਰਤ ਦੇ ਕਈ ਸ਼ਹਿਰਾਂ ਵਿਚ ਲੋਕਾਂ ਨੂੰ ਪਾਣੀ ਦੀ ਘਾਟ ਪੂਰੀ ਕਰਨ ਲਈ ਟੈਂਕਰ ਦਾ ਜਾਂ ਬੋਤਲਬੰਦ ਪਾਣੀ ਖਰੀਦਣਾ ਪੈ ਰਿਹਾ ਹੈ । ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪੇਂਡੂ ਖੇਤਰ ਵਿਚ ਰਹਿੰਦੇ 22 ਫੀਸਦੀ ਅਤੇ ਸ਼ਹਿਰੀ ਖੇਤਰ ਦੇ 12 ਫੀਸਦੀ ਬਜ਼ੁਰਗ ਪਾਣੀ ਕਾਰਨ ਹੋਣ ਵਾਲੀਆਂ ਬਿਮਾਰੀਆਂ ਨਾਲ ਜੂਝ ਰਹੇ ਹਨ ।

ਗੁਰੂਗ੍ਰਾਮ/ਗੁੜਗਾਉਂ (ਦਿੱਲੀ ਨਾਲ ਲੱਗਦਾ ਸ਼ਹਿਰ) ਜਿਸ ਨੂੰ 'ਮਿਲੇਨੀਅਮ ਸਿਟੀ' ਵੀ ਕਿਹਾ ਜਾਂਦਾ ਹੈ, ਤੋਂ 60 ਕਿਲੋਮੀਟਰ ਦੂਰ ਨੂਹ ਜ਼ਿਲ੍ਹੇ ਦੇ ਤੀਹ ਪਿੰਡਾਂ 'ਚ ਪਾਣੀ ਟੈਂਕਰਾਂ ਰਾਹੀਂ ਸਪਲਾਈ ਕੀਤਾ ਜਾਂਦਾ ਹੈ । ਹਰਿਆਣਾ ਦਿੱਲੀ ਨਾਲ ਛੂੰਹਦਾ ਰਾਜ ਹੈ ਅਤੇ ਇੱਥੇ 10 ਸਾਲ ਤੋਂ ਡਬਲ ਇੰਜਣ ਦੀ ਸਰਕਾਰ ਹੈ, ਪਰ 30 ਪਿੰਡਾਂ ਦੇ ਲਗਭਗ ਪੰਜਾਹ ਹਜ਼ਾਰ ਵਸਨੀਕਾਂ ਲਈ 'ਹਰ ਘਰ ਮੇਂ ਨਾਲ ਸੇ ਜਲ' ਨਹੀਂ ਪਹੁੰਚਿਆ । ਇਹ ਅੱਧਾ ਲੱਖ ਲੋਕ ਪਾਣੀ ਦੀ ਯਕੀਨਨ ਸਪਲਾਈ ਬਦਲੇ ਆਪਣੇ ਮੱਤ ਅਧਿਕਾਰ ਦਾ ਸੌਦਾ ਕਰ ਸਕਦੇ, ਭਾਵ ਆਪਣੀ 'ਮੱਤ' ਜਾਂ 'ਜ਼ਮੀਰ' ਵੇਚ ਸਕਦੇ ਹਨ, ਇਹ ਲੋਕ 'ਇਲਹਾਮ' ਵੀ ਵੇਚ ਸਕਦੇ ਹਨ ।

ਵਿਸ਼ਵ ਸਿਹਤ ਸੰਸਥਾ ਦੇ ਅਨੁਸਾਰ ਦੂਸ਼ਿਤ ਪਾਣੀ ਪੀਣ ਅਤੇ ਸਫ਼ਾਈ ਦੀ ਘਾਟ ਕਾਰਨ ਹਰ ਸਾਲ ਦੁਨੀਆਂ ਵਿਚ 70 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ, ਜਿਨ੍ਹਾਂ 'ਚ ਵੱਡੀ ਗਿਣਤੀ ਬਜ਼ੁਰਗਾਂ ਤੇ ਬੱਚਿਆਂ ਦੀ ਹੈ । ਨੀਤੀ ਆਯੋਗ ਦੀ 'ਕੰਪੋਜ਼ਿਟ ਵਾਟਰ ਮੈਨੇਜਮੈਂਟ ਇੰਡੈਕਸ' ਰਿਪੋਰਟ ਅਨੁਸਾਰ ਸਾਡੇ ਦੇਸ਼ ਵਿਚ ਲਗਭਗ 60 ਕਰੋੜ ਲੋਕ ਪਾਣੀ ਦੀ ਘਾਟ ਕਾਰਨ ਤਣਾਅ ਵਿਚ ਵਿਚਰਦੇ ਹਨ । ਜਲ ਸੰਕਟ ਨਾਲ ਜੂਝ ਰਹੇ ਕਈ ਸੂਬਿਆਂ ਵਿਚ ਪੀਣ ਵਾਲਾ ਪਾਣੀ ਘਰ ਲਿਆਉਣ ਲਈ ਪੇਂਡੂ ਖੇਤਰ ਦੀਆਂ ਔਰਤਾਂ ਨੂੰ ਔਸਤਨ ਸਾਲਾਨਾ 173 ਕਿਲੋਮੀਟਰ ਤੁਰਨਾ ਪੈਂਦਾ ਹੈ । ਪਾਣੀ ਲਿਆਉਣ ਦੀ ਜ਼ਿੰਮੇਵਾਰੀ ਵਧੇਰੇ ਕਰਕੇ ਔਰਤਾਂ ਤੇ ਲੜਕੀਆਂ ਦੀ ਹੀ ਹੁੰਦੀ ਹੈ ।

ਇੱਥੇ ਇਹ ਨੋਟ ਕਰਨਾ ਜ਼ਰੂਰੀ ਹੈ ਕਿ ਇਕ ਲੀਟਰ ਬੋਤਲ ਬੰਦ ਪਾਣੀ ਲਈ ਲਗਭਗ 5.5 ਲੀਟਰ ਪਾਣੀ ਖ਼ਪਤ ਹੁੰਦਾ ਹੈ । ਸਾਡੇ ਘਰਾਂ 'ਚ ਲੱਗੇ ਆਰ ਓ ਪਾਣੀ ਦੀ ਬਰਬਾਦੀ ਵੱਡੇ ਪੱਧਰ 'ਤੇ ਕਰਦੇ ਹਨ । ਬਦਕਿਸਮਤੀ ਇਹ ਹੈ ਕਿ ਸਾਡੇ ਦੇਸ਼ ਵਿਚ ਸ਼ਹਿਰਾਂ ਵਿਚ ਪਾਈਪਲਾਈਨ ਦਾ ਪਾਣੀ ਸੁਰੱਖਿਅਤ ਨਹੀਂ ਮੰਨਿਆ ਜਾ ਰਿਹਾ। ਕੁਝ ਮਹੀਨੇ ਪਹਿਲਾਂ ਹੀ ਮੱਧ ਪ੍ਰਦੇਸ਼ ਦੇ ਸ਼ਹਿਰ ਇੰਦੌਰ ਵਿਚ ਸਪਲਾਈ ਦਾ ਪਾਣੀ ਪੀਣ ਨਾਲ ਦਰਜਨਾਂ ਲੋਕਾਂ ਦੀਆਂ ਮੌਤਾਂ ਹੋਈਆਂ ਅਤੇ ਸੈਂਕੜਿਆਂ ਨੂੰ ਹਸਪਤਾਲਾਂ 'ਚ ਦਾਖ਼ਲ ਕਰਵਾਉਣਾ ਪਿਆ । ਧਰਤੀ ਹੇਠਲੇ ਪਾਣੀ ਦਾ 70 ਫੀਸਦੀ ਹਿੱਸਾ ਪ੍ਰਦੂਸ਼ਤ ਹੈ ।

ਅਸੀਂ ਇਹ ਯਾਦ ਨਹੀਂ ਰੱਖਦੇ ਕਿ ਪੀਣ ਯੋਗ ਪਾਣੀ ਦੀ ਪੂਰਤੀ ਦੇ ਮਾਮਲੇ 'ਚ ਸਾਡਾ ਦੇਸ਼ ਵਿਸ਼ਵ ਵਿਚ ਸਭ ਤੋਂ ਹੇਠਾਂ ਹੈ । ਇਸ ਲਈ ਸਾਡੇ ਪਾਸ ਮੀਂਹ ਦੇ ਪਾਣੀ ਨੂੰ ਸੰਭਾਲਣ ਅਤੇ ਪਾਣੀ ਦੀ ਸੰਜਮ ਨਾਲ ਵਰਤੋਂ ਤੋਂ ਬਗ਼ੈਰ ਕੋਈ ਚਾਰਾ ਨਹੀਂ। ਸੀਵਰੇਜ ਦੇ ਪਾਣੀ ਨੂੰ ਸੋਧ ਕੇ ਉਸਾਰੀ, ਬਾਗ਼ਬਾਨੀ ਤੇ ਖੇਤੀਬਾੜੀ ਲਈ ਵਰਤਣਾ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ । ਰੁੱਖ ਲਗਾਉਣ, ਪਾਲਣ ਤੇ ਸੰਭਾਲਣ ਨੂੰ ਨਾਅਰੇ ਤੇ ਵਿਖਾਵੇ ਤੱਕ ਸੀਮਤ ਨਹੀਂ ਕਰਨਾ ਚਾਹੀਦਾ । ਇਹ ਸਾਰਥਿਕ ਸਿੱਟੇ ਦੇਣ ਵਾਲੀ ਇਕ ਨਿਰੰਤਰ ਮੁਹਿੰਮ ਬਣਨੀ ਚਾਹੀਦੀ ਹੈ । ਜੰਗਲਾਂ ਦੀ ਕਟਾਈ ਨੂੰ ਮਾਨਵਤਾ ਵਿਰੁੱਧ ਅਪਰਾਧ ਮੰਨਣਾ ਚਾਹੀਦਾ ਹੈ ।

**# ਸੰਪਰਕ : 98768-01268**

# ਇੱਕ ਸੋਚ ਦੀ ਸ਼ੁਰੂਆਤ, ਬਦਲੇ ਦੇਸ਼ ਦੀ ਨੁਹਾਰ

**ਕੁਲਬੀਰ ਸ਼ਰਮਾ**

ਹਰ ਸਾਲ ਜਦੋਂ ਅਸੀਂ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਘੁੰਮਣ-ਫਿਰਨ, ਪੜ੍ਹਾਈ ਕਰਨ, ਰੁਜ਼ਗਾਰ ਜਾਂ ਵਪਾਰ ਦੇ ਸਿਲਸਿਲੇ ਵਿੱਚ ਜਾਂਦੇ ਹਾਂ, ਤਾਂ ਉੱਥੋਂ ਦੇ ਪ੍ਰਦੂਸ਼ਣ-ਰਹਿਤ ਤੇ ਸ਼ਾਂਤਮਈ ਮਾਹੌਲ, ਸਾਫ਼-ਸਫ਼ਾਈ, ਹਰਿਆਲੀ ਨਾਲ ਭਰੇ ਪਾਰਕ, ਸੁਚੱਜੀ ਆਵਾਜਾਈ ਪ੍ਰਣਾਲੀ ਅਤੇ ਉੱਚ ਦਰਜੇ ਦੀ ਸੁੰਦਰਤਾ ਨੂੰ ਦੇਖ ਕੇ ਪ੍ਰਭਾਵਿਤ ਹੁੰਦੇ ਹਾਂ। ਉੱਥੋਂ ਦੇ ਵਾਤਾਵਰਣ ਵਿੱਚ ਰਚੀ ਸਕਾਰਾਤਮਕ ਊਰਜਾ ਸਾਨੂੰ ਇੱਕ ਵੱਖਰਾ ਹੀ ਸਕੂਨ ਮਹਿਸੂਸ ਕਰਵਾਉਂਦੀ ਹੈ। ਇਸੇ ਕਰਕੇ ਜਦੋਂ ਅਸੀਂ ਵਾਪਸ ਆਪਣੇ ਦੇਸ਼ ਪਰਤਦੇ ਹਾਂ, ਤਾਂ ਆਪਣੇ ਦੋਸਤਾਂ-ਮਿੱਤਰਾਂ ਅਤੇ ਪਰਿਵਾਰਕ ਮੈਂਬਰਾਂ ਸਾਹਮਣੇ ਉੱਥੋਂ ਦੀ ਸੁੰਦਰਤਾ ਦੀਆਂ ਖੁੱਲ੍ਹ ਕੇ ਤਾਰੀਫ਼ਾਂ ਕਰਦੇ ਹਾਂ।

ਇਸ ਸਭ ਤੋਂ ਬਾਅਦ ਸਾਡੇ ਮਨ ਵਿੱਚ ਇਹ ਖ਼ਿਆਲ ਆਉਣਾ ਸੁਭਾਵਿਕ ਹੈ ਕਿ ਕਾਸ਼! ਸਾਡਾ ਦੇਸ਼, ਸਾਡਾ ਪੰਜਾਬ, ਸਾਡਾ ਸ਼ਹਿਰ ਅਤੇ ਸਾਡਾ ਪਿੰਡ ਵੀ ਏਨਾ ਹੀ ਸਾਫ਼-ਸੁਥਰਾ, ਅਨੁਸ਼ਾਸਿਤ ਅਤੇ ਖ਼ੂਬਸੂਰਤ ਹੋਵੇ। ਫਿਰ ਅਸੀਂ ਆਪਣੇ ਦੇਸ਼ ਦੀ ਤੁਲਨਾ ਉਨ੍ਹਾਂ ਵਿਕਸਤ ਦੇਸ਼ਾਂ ਨਾਲ ਕਰਨੀ ਸ਼ੁਰੂ ਕਰ ਦਿੰਦੇ ਹਾਂ ਅਤੇ ਅਕਸਰ ਸਾਰੀਆਂ ਕਮੀਆਂ ਦਾ ਦੋਸ਼ ਸਰਕਾਰਾਂ ਅਤੇ ਪ੍ਰਸ਼ਾਸਨ ਦੇ ਸਿਰ ਮੜ੍ਹ ਕੇ ਆਪਣੀ ਸੋਚ ਨੂੰ ਉੱਥੇ ਹੀ ਖ਼ਤਮ ਕਰ ਦਿੰਦੇ ਹਾਂ।

ਅਸਲ ਸਵਾਲ ਤਾਂ ਇੱਥੋਂ ਹੀ ਸ਼ੁਰੂ ਹੁੰਦਾ ਹੈ। ਜੇ ਅਸੀਂ ਆਪਣੇ ਦੇਸ਼ ਦੀ ਤੁਲਨਾ ਵਿਕਸਤ ਦੇਸ਼ਾਂ ਨਾਲ ਕਰ ਸਕਦੇ ਹਾਂ, ਉਨ੍ਹਾਂ ਦੀਆਂ ਸਰਕਾਰਾਂ ਅਤੇ ਕਾਨੂੰਨਾਂ ਦੀ ਤੁਲਨਾ ਆਪਣੀ ਸਰਕਾਰ ਅਤੇ ਕਾਨੂੰਨਾਂ ਨਾਲ ਕਰ ਸਕਦੇ ਹਾਂ, ਤਾਂ ਫਿਰ ਆਪਣੀ ਤੁਲਨਾ ਉਨ੍ਹਾਂ ਦੇਸ਼ਾਂ ਦੇ ਨਾਗਰਿਕਾਂ ਨਾਲ ਕਿਉਂ ਨਹੀਂ ਕਰਦੇ?

ਕੀ ਸਾਡੀਆਂ ਆਦਤਾਂ ਉਨ੍ਹਾਂ ਜਾਗਰੂਕ ਨਾਗਰਿਕਾਂ ਵਰਗੀਆਂ ਹਨ? ਕੀ ਅਸੀਂ ਆਪਣੇ ਫ਼ਰਜ਼ਾਂ ਨੂੰ ਓਨੇ ਹੀ ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਨਿਭਾਉਂਦੇ ਹਾਂ? ਕੀ ਅਸੀਂ ਜਨਤਕ ਸੰਪਤੀ ਦੀ ਸੰਭਾਲ ਆਪਣੀ ਸੰਪਤੀ ਵਾਂਗ ਕਰਦੇ ਹਾਂ? ਕੀ ਅਸੀਂ ਟ੍ਰੈਫਿਕ ਅਤੇ ਸਫ਼ਾਈ ਦੇ ਨਿਯਮਾਂ ਨੂੰ ਉਸੇ ਗੰਭੀਰਤਾ ਨਾਲ ਲੈਂਦੇ ਹਾਂ?

ਕਿਸੇ ਵੀ ਦੇਸ਼ ਦੀ ਤਰੱਕੀ ਸਿਰਫ਼ ਵੱਡੀਆਂ ਇਮਾਰਤਾਂ, ਆਧੁਨਿਕ ਸਹੂਲਤਾਂ ਜਾਂ ਚੌੜੀਆਂ ਸੜਕਾਂ ਨਾਲ ਨਹੀਂ ਹੁੰਦੀ। ਦੇਸ਼ ਨੂੰ ਅਸਲ ਵਿੱਚ ਉਸ ਦੇ ਜਾਗਰੂਕ ਅਤੇ ਜ਼ਿੰਮੇਵਾਰ ਨਾਗਰਿਕ ਮਹਾਨ ਬਣਾਉਂਦੇ ਹਨ। ਜੇ ਲੋਕ ਆਪਣੇ ਫ਼ਰਜ਼ ਸਮਝਣ, ਨਿਯਮਾਂ ਦੀ ਪਾਲਣਾ ਕਰਨ ਅਤੇ ਆਪਣੇ ਦੇਸ਼ ਨੂੰ ਆਪਣਾ ਘਰ ਸਮਝਣ, ਤਾਂ ਉਸ ਦੇਸ਼ ਨੂੰ ਅੱਗੇ ਵਧਣ ਤੋਂ ਕੋਈ ਨਹੀਂ ਰੋਕ ਸਕਦਾ।ਜੇ ਅਸੀਂ ਸੱਚਮੁੱਚ ਆਪਣੇ ਦੇਸ਼ ਨੂੰ ਬਦਲਦਾ ਦੇਖਣਾ ਚਾਹੁੰਦੇ ਹਾਂ, ਤਾਂ ਸਭ ਤੋਂ ਪਹਿਲਾਂ ਸੁਧਾਰ ਦੀ ਸ਼ੁਰੂਆਤ ਸਾਨੂੰ ਆਪਣੇ ਆਪ ਤੋਂ ਹੀ ਕਰਨੀ ਪਵੇਗੀ। ਆਪਣੇ ਆਪ ਨੂੰ ਬਦਲਣ ਲਈ ਤਿਆਰ ਹੋਣਾ ਪਵੇਗਾ। ਸਾਨੂੰ ਉਨ੍ਹਾਂ ਦੇਸ਼ਾਂ ਦੇ ਫ਼ਰਜ਼ਸ਼ਨਾਸ ਨਾਗਰਿਕਾਂ ਦੀ ਸੋਚ ਨੂੰ ਅਪਣਾਉਣਾ ਹੋਵੇਗਾ ਅਤੇ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਛੋਟੀਆਂ-ਛੋਟੀਆਂ ਚੰਗੀਆਂ ਆਦਤਾਂ ਨੂੰ ਥਾਂ ਦੇਣੀ ਹੋਵੇਗੀ। ਇੱਕ ਮੇਰੇ ਸੁਧਰਨ ਨਾਲ ਕੀ ਫ਼ਰਕ ਪਵੇਗਾ ਜਾਂ ਮੈਨੂੰ ਕੀ ਲੋੜ ਹੈ, ਵਰਗੀ ਆਲਸੀ ਅਤੇ ਨਕਾਰਾਤਮਕ ਮਾਨਸਿਕਤਾ ਨੂੰ ਪੂਰੀ ਤਰ੍ਹਾਂ ਤਿਆਗਣਾ ਹੋਵੇਗਾ। ਅਜਿਹੇ ਕਈ ਛੋਟੇ-ਛੋਟੇ ਕਦਮਾਂ ਨਾਲ ਅਸੀਂ ਵੀ ਆਪਣੇ ਦੇਸ਼ ਦੀ ਨੁਹਾਰ ਬਦਲ ਸਕਦੇ ਹਾਂ।

ਸਾਡਾ ਸਭ ਤੋਂ ਪਹਿਲਾ ਨਾਗਰਿਕ ਫ਼ਰਜ਼ ਇਹ ਹੈ ਕਿ ਅਸੀਂ ਸਫ਼ਾਈ ਨੂੰ ਕੇਵਲ ਆਪਣੇ ਘਰ ਦੀਆਂ ਬਰੂਹਾਂ ਤੱਕ ਸੀਮਤ ਨਾ ਰੱਖੀਏ, ਸਗੋਂ ਪੂਰੇ ਸ਼ਹਿਰ, ਗਲੀ, ਪਾਰਕਾਂ ਅਤੇ ਸਰਕਾਰੀ ਥਾਵਾਂ ਨੂੰ ਆਪਣੇ ਘਰ ਦਾ ਵੇਹੜਾ ਸਮਝੀਏ। ਜਦੋਂ ਅਸੀਂ ਚਾਕਲੇਟ ਦਾ ਰੈਪਰ, ਖਾਲੀ ਲਿਫ਼ਾਫ਼ਾ ਜਾਂ ਪਲਾਸਟਿਕ ਦੀ ਬੋਤਲ ਸੜਕ ਤੇ ਸੁੱਟਣ ਦੀ ਥਾਂ ਉਸ ਨੂੰ ਉਦੋਂ ਤੱਕ ਆਪਣੀ ਜੇਬ ਜਾਂ ਬੈਗ ਵਿੱਚ ਰੱਖਣ ਦੀ ਸਮਝਦਾਰੀ ਦਿਖਾਵਾਂਗੇ, ਜਦੋਂ ਤੱਕ ਕੋਈ ਕੂੜੇਦਾਨ ਨਾ ਮਿਲੇ, ਤਾਂ ਸਾਡੇ ਦੇਸ਼ ਦੀ ਸਫ਼ਾਈ ਦਾ ਅੱਧਾ ਮਸਲਾ ਆਪਣੇ ਆਪ ਹੱਲ ਹੋ ਜਾਵੇਗਾ।

ਇਸ ਦੇ ਨਾਲ ਹੀ ਸੜਕੀ ਆਵਾਜਾਈ ਵਿੱਚ ਅਨੁਸ਼ਾਸਨ ਬਣਾਏ ਰੱਖਣਾ ਸਾਡਾ ਮੁੱਢਲਾ ਫ਼ਰਜ਼ ਹੈ। ਟ੍ਰੈਫਿਕ ਨਿਯਮਾਂ ਦੀ ਪਾਲਣਾ ਸਿਰਫ਼ ਜੁਰਮਾਨੇ ਦੇ ਡਰ ਕਰਕੇ ਨਹੀਂ, ਸਗੋਂ ਆਪਣੀ ਅਤੇ ਦੂਜਿਆਂ ਦੀ ਜ਼ਿੰਦਗੀ ਪ੍ਰਤੀ ਜ਼ਿੰਮੇਵਾਰੀ ਸਮਝ ਕੇ ਕਰਨੀ ਚਾਹੀਦੀ ਹੈ। ਐਂਬੂਲੈਂਸ, ਫਾਇਰ ਬ੍ਰਿਗੇਡ ਅਤੇ ਹੋਰ ਐਮਰਜੈਂਸੀ ਸੇਵਾਵਾਂ ਨੂੰ ਤੁਰੰਤ ਰਸਤਾ ਦੇਣਾ ਸਿਰਫ਼ ਇੱਕ ਨਿਯਮ ਨਹੀਂ, ਸਗੋਂ ਸਾਡੀ ਮਾਨਵਤਾ, ਸੰਵੇਦਨਸ਼ੀਲਤਾ ਅਤੇ ਜ਼ਿੰਮੇਵਾਰ ਨਾਗਰਿਕ ਹੋਣ ਦੀ ਪਹਿਚਾਣ ਹੈ।

ਸਰਕਾਰੀ ਬੱਸਾਂ, ਰੇਲ ਗੱਡੀਆਂ, ਰੇਲਵੇ ਸਟੇਸ਼ਨ, ਸਕੂਲ, ਹਸਪਤਾਲ, ਪਾਰਕ, ਸੜਕਾਂ ਅਤੇ ਇਤਿਹਾਸਕ ਵਿਰਾਸਤਾਂ ਸਾਡੇ ਸਾਰਿਆਂ ਦੀ ਸਾਂਝੀ ਸੰਪਤੀ ਹਨ, ਜੋ ਸਾਡੇ ਹੀ ਟੈਕਸ ਦੇ ਪੈਸਿਆਂ ਨਾਲ ਬਣਦੀਆਂ ਹਨ। ਇਸ ਲਈ ਗੁੱਸੇ ਜਾਂ ਵਿਰੋਧ ਵਿੱਚ ਇਨ੍ਹਾਂ ਨੂੰ ਨੁਕਸਾਨ ਪਹੁੰਚਾਉਣਾ, ਕੰਧਾਂ ਤੇ ਲਿਖਣਾ, ਕੂੜਾ ਸੁੱਟਣਾ ਜਾਂ ਤੋੜ-ਫੋੜ ਕਰਨਾ ਆਪਣੇ ਹੀ ਘਰ ਦਾ ਨੁਕਸਾਨ ਕਰਨ ਦੇ ਬਰਾਬਰ ਹੈ। ਇਹ ਸਾਰੀਆਂ ਸਹੂਲਤਾਂ ਸਾਡੀ ਭਲਾਈ ਅਤੇ ਸੁਵਿਧਾ ਲਈ ਹੀ ਬਣਾਈਆਂ ਗਈਆਂ ਹਨ ।

ਇਸ ਤੋਂ ਇਲਾਵਾ ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਵਾਤਾਵਰਣ ਪ੍ਰਤੀ ਵੀ ਆਪਣੀ ਜ਼ਿੰਮੇਵਾਰੀ ਨੂੰ ਸਮਝਣਾ ਹੋਵੇਗਾ। ਇਸ ਲਈ ਪਾਣੀ ਅਤੇ ਬਿਜਲੀ ਦੀ ਬੇਲੋੜੀ ਬਰਬਾਦੀ ਤੋਂ ਬਚਣਾ, ਸਿੰਗਲ-ਯੂਜ਼ ਪਲਾਸਟਿਕ ਨੂੰ ਪੂਰੀ ਤਰ੍ਹਾਂ ਤਿਆਗਣਾ, ਵੱਧ ਤੋਂ ਵੱਧ ਰੁੱਖ ਲਗਾਉਣਾ ਅਤੇ ਆਪਣੇ ਆਲੇ-ਦੁਆਲੇ ਨੂੰ ਪ੍ਰਦੂਸ਼ਣ-ਮੁਕਤ ਰੱਖਣਾ ਸਾਡੇ ਰੋਜ਼ਾਨਾ ਦੇ ਜੀਵਨ ਦਾ ਹਿੱਸਾ ਬਣਨਾ ਚਾਹੀਦਾ ਹੈ।

ਇੱਕ ਆਦਰਸ਼ ਨਾਗਰਿਕ ਹੋਣ ਦੇ ਨਾਤੇ ਸਾਨੂੰ ਕਾਨੂੰਨਾਂ ਦਾ ਪੂਰਾ ਸਤਿਕਾਰ ਕਰਨਾ ਚਾਹੀਦਾ ਹੈ। ਇਮਾਨਦਾਰੀ ਨਾਲ ਟੈਕਸ ਅਦਾ ਕਰਨਾ, ਭ੍ਰਿਸ਼ਟਾਚਾਰ ਨੂੰ ਕਿਸੇ ਵੀ ਰੂਪ ਵਿੱਚ ਉਤਸ਼ਾਹਤ ਨਾ ਕਰਨਾ, ਨਾ ਰਿਸ਼ਵਤ ਲੈਣੀ ਅਤੇ ਨਾ ਹੀ ਦੇਣੀ, ਝੂਠੇ ਦਸਤਾਵੇਜ਼ਾਂ, ਸਿਫ਼ਾਰਸ਼ਾਂ ਜਾਂ ਗਲਤ ਤਰੀਕਿਆਂ ਨਾਲ ਆਪਣੇ ਕੰਮ ਕਰਵਾਉਣ ਦੀ ਕੋਸ਼ਿਸ਼ ਨਾ ਕਰਨੀ ਹਰ ਨਾਗਰਿਕ ਦਾ ਫ਼ਰਜ਼ ਹੈ।

ਇਸ ਦੇ ਨਾਲ ਹੀ ਸਾਡੇ ਵਿਹਾਰ ਵਿੱਚ ਨਿਮਰਤਾ, ਆਪਸੀ ਸਤਿਕਾਰ ਅਤੇ ਇਨਸਾਨੀਅਤ ਦੀ ਭਾਵਨਾ ਵੀ ਝਲਕਣੀ ਚਾਹੀਦੀ ਹੈ। ਘਰ ਆਉਣ ਵਾਲੇ ਹਰ ਮਹਿਮਾਨ ਦਾ ਮੁਸਕਰਾ ਕੇ ਸਵਾਗਤ ਕਰਨਾ, ਘਰੋਂ ਨਿਕਲਦੇ ਜਾਂ ਵਾਪਸ ਆਉਂਦੇ ਸਮੇਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਪਿਆਰ ਅਤੇ ਸਤਿਕਾਰ ਨਾਲ ਮਿਲਣਾ, ਵੱਡਿਆਂ ਦਾ ਆਦਰ ਕਰਨਾ ਅਤੇ ਉਨ੍ਹਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣਾ ਸਾਡੇ ਚੰਗੇ ਸੰਸਕਾਰਾਂ ਦੀ ਪਹਿਚਾਣ ਹੈ। ਬੱਚਿਆਂ ਨਾਲ ਪਿਆਰ ਅਤੇ ਧੀਰਜ ਨਾਲ ਪੇਸ਼ ਆਉਣਾ, ਔਰਤਾਂ ਦਾ ਸਤਿਕਾਰ ਕਰਨਾ, ਦਿਵਿਆਂਗ ਅਤੇ ਬਜ਼ੁਰਗ ਵਿਅਕਤੀਆਂ ਦੀ ਸੜਕ ਪਾਰ ਕਰਵਾਉਣ ਜਾਂ ਲੋੜ ਪੈਣ 'ਤੇ ਉਨ੍ਹਾਂ ਦੀ ਮਦਦ ਕਰਨੀ, ਰਾਹ ਭੁੱਲੇ ਜਾਂ ਮੁਸੀਬਤ ਵਿੱਚ ਫਸੇ ਕਿਸੇ ਅਣਜਾਣ ਵਿਅਕਤੀ ਨੂੰ ਸਹੀ ਰਸਤਾ ਦੱਸਣਾ ਜਾਂ ਸਹਾਇਤਾ ਕਰਨੀ ਵੀ ਇੱਕ ਜਾਗਰੂਕ ਨਾਗਰਿਕ ਦੀ ਪਹਿਚਾਣ ਹੈ। ਜਨਤਕ ਥਾਵਾਂ 'ਤੇ ਕਤਾਰ ਦਾ ਸਤਿਕਾਰ ਕਰਨਾ, ਆਪਣੀ ਵਾਰੀ ਦੀ ਉਡੀਕ ਕਰਨੀ, ਬੱਸਾਂ-ਟ੍ਰੇਨਾਂ ਵਿੱਚ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਦਿਵਿਆਂਗ ਵਿਅਕਤੀਆਂ ਅਤੇ ਲੋੜਵੰਦ ਯਾਤਰੀਆਂ ਲਈ ਆਪਣੀ ਸੀਟ ਛੱਡਣਾ, ਬਿਨਾਂ ਲੋੜ ਉੱਚੀ ਆਵਾਜ਼ ਵਿੱਚ ਰੌਲਾ ਨਾ ਪਾਉਣਾ, ਗਾਲੀ-ਗਲੋਚ ਤੋਂ ਬਚਣਾ ਅਤੇ ਹਰ ਵਿਅਕਤੀ ਨਾਲ ਨਿਮਰਤਾ ਨਾਲ ਗੱਲ ਕਰਨੀ, ਘਰ, ਦਫ਼ਤਰ, ਬਾਜ਼ਾਰਾਂ ਜਾਂ ਸੜਕਾਂ ਤੇ ਔਰਤਾਂ ਨੂੰ ਪੂਰਨ ਸੁਰੱਖਿਅਤ ਅਤੇ ਸਨਮਾਨਜਨਕ ਮਾਹੌਲ ਦੇਣਾ ਸਾਡੇ ਸਮਾਜ ਦੀ ਉੱਚੀ ਸੋਚ ਨੂੰ ਦਰਸਾਉਂਦਾ ਹੈ। ਅਜਿਹੀਆਂ ਛੋਟੀਆਂ-ਛੋਟੀਆਂ ਆਦਤਾਂ ਇੱਕ ਸੱਭਿਅਕ ਸਮਾਜ ਦੀ ਨੀਂਹ ਮਜ਼ਬੂਤ ਕਰਦੀਆਂ ਹਨ, ਜਿਸ ਨਾਲ ਸਾਡੇ ਦੇਸ਼ ਦੀ ਤਰੱਕੀ ਦੀ ਰਫ਼ਤਾਰ ਆਪਣੇ ਆਪ ਤੇਜ਼ ਹੋ ਜਾਂਦੀ ਹੈ।

**# ਸੰਪਰਕ : 84272-12104**

# ਰੰਗਲੇ ਪੰਜਾਬ ਨੂੰ ਦਰਪੇਸ਼ ਚੁਣੌਤੀਆਂ

**ਆਤਮਾ ਸਿੰਘ ਪਮਾਰ**

ਭਾਰਤ ਨੂੰ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ ਹੋਣ ਦਾ ਮਾਣ ਪ੍ਰਾਪਤ ਹੈ। ਇੱਥੇ ਸੰਘਾਤਮਿਕ ਪ੍ਰਣਾਲੀ ਲਾਗੂ ਹੋਣ ਕਾਰਨ ਕੇਂਦਰ ਸਰਕਾਰ ਤੋਂ ਇਲਾਵਾ ਸੂਬਿਆਂ ਦੀਆਂ ਸਰਕਾਰਾਂ ਦੀ ਵੀ ਆਪਣੇ ਪੱਧਰ 'ਤੇ ਅਲੱਗ ਸਥਾਪਤੀ ਹੁੰਦੀ ਹੈ। ਇਨ੍ਹਾਂ ਤੋਂ ਇਲਾਵਾ ਕੁਝ ਕੇਂਦਰ ਸ਼ਾਸਤ ਪ੍ਰਦੇਸ਼ ਵੀ ਹਨ, ਜਿੱਥੇ ਸਿੱਧਾ ਕੇਂਦਰ ਸਰਕਾਰ ਦਾ ਨਿਯੰਤ੍ਰਣ ਹੁੰਦਾ ਹੈ। ਦੇਸ਼ ਦੇ ਕੁੱਲ 28 ਸੂਬੇ ਅਤੇ 8 ਕੇਂਦਰ ਸ਼ਾਸਤ ਪ੍ਰਦੇਸ਼ ਹਨ। ਸੂਬਿਆਂ ਦੀਆਂ ਭਾਸ਼ਾਵਾਂ, ਪਹਿਰਾਵਾ, ਖਾਣ-ਪੀਣ, ਸੱਭਿਆਚਾਰ, ਬੋਲੀ ਆਦਿ ਵੱਖ-ਵੱਖ ਤੋਂ ਇਲਾਵਾ ਵਰਣ ਵਿਵਸਥਾ ਹੋਣ ਦੇ ਬਾਵਜੂਦ ਭਾਰਤ ਇੱਕ ਗੁਲਦਸਤੇ ਵਾਂਗ ਹੈ, ਜਿਸ 'ਚ ਵੱਖ ਵੱਖ ਤਰ੍ਹਾਂ ਦੇ ਫੁੱਲਾਂ ਦਾ ਸੁਮੇਲ ਹੁੰਦਾ ਹੈ।ਇਹ ਵੀ ਸੱਚ ਹੈ ਕਿ ਇਹਨਾਂ ਸੂਬਿਆਂ 'ਚੋਂ ਪੰਜਾਬ ਦੀ ਇੱਕ ਵੱਖਰੀ ਪਹਿਚਾਣ ਅਤੇ ਦਿੱਖ ਹੁੰਦੀ ਸੀ। ਇਸ ਤੋਂ ਇਲਾਵਾ ਪੰਜਾਬ ਨੂੰ ਗੁਰੂ ਸਾਹਿਬਾਨਾਂ, ਪੀਰਾਂ, ਪੈਗੰਬਰਾਂ, ਰਿਸ਼ੀਆਂ, ਮੁਨੀਆਂ, ਯੋਧਿਆਂ, ਬਲਵਾਨਾਂ ਅਤੇ ਸ਼ਹੀਦਾਂ ਦੀ ਧਰਤੀ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਵੱਖ-ਵੱਖ ਲੇਖਕਾਂ ਅਤੇ ਸ਼ਾਇਰਾਂ ਵੱਲੋਂ ਇਸ ਨੂੰ ਅਲੱਗ-ਅਲੱਗ ਵਿਸ਼ੇਸ਼ਣਾਂ ਅਤੇ ਅਲੰਕਾਰਾਂ ਨਾਲ ਵੀ ਨਿਵਾਜਿਆ ਗਿਆ ਹੈ। ਕਿਸੇ ਨੇ ਪੰਜਾਬ ਵਸਦਾ ਗੁਰਾਂ ਦੇ ਨਾਮ 'ਤੇ, ਕਿਸੇ ਦੂਸਰੇ ਨੇ ਦੇਸ਼ਾਂ 'ਚੋਂ ਦੇਸ਼ ਪੰਜਾਬ ਨੀ ਸਈਓ ਅਤੇ ਫੁੱਲਾਂ 'ਚੋਂ ਫੁੱਲ ਗੁਲਾਬ ਨੀ ਸਈਓ ਅਤੇ ਕਿਸੇ ਹੋਰ ਨੇ ਸੋਨੇ ਦੀ ਚਿੜੀ ਹੋਣ ਦਾ ਖ਼ਿਤਾਬ ਵੀ ਦਿੱਤਾ ਹੈ।ਕਹਿਣ ਦਾ ਭਾਵ ਪੰਜਾਬ ਦੀ ਹਰ ਪੱਖੋਂ ਇੱਕ ਵਿਲੱਖਣ ਦਿੱਖ, ਅਪਣੱਤ ਅਤੇ ਗੂੜ੍ਹੀ ਭਾਈਚਾਰਕ ਸਾਂਝ ਨੂੰ ਸਿਰਫ਼ ਭਾਰਤ 'ਚ ਹੀ ਨਹੀਂ, ਸਗੋਂ ਸੰਸਾਰ ਪੱਧਰ 'ਤੇ ਵੀ ਜਾਣਿਆ ਜਾਂਦਾ ਸੀ, ਪ੍ਰੰਤੂ ਬੜੇ ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪਿਛਲੇ ਕੁਝ ਸਮੇਂ ਤੋਂ ਪਤਾ ਨਹੀਂ ਪੰਜਾਬ ਨੂੰ ਕਿਸ ਚੰਦਰੇ ਦੀ ਨਜ਼ਰ ਲੱਗ ਗਈ ਹੈ।ਜਿਸ ਖੇਤਰ 'ਚ ਵੀ ਝਾਤ ਮਾਰਦੇ ਹਾਂ, ਉਸ ਦਾ ਪਹਿਲਾਂ ਵਾਲਾ ਮੂੰਹ ਮੁਹਾਂਦਰਾ,ਅਪਣੱਤ, ਭਾਈਚਾਰਕ ਸਾਂਝ ਅਤੇ ਹਮਦਰਦੀ ਕਿਤੇ ਨਾ ਕਿਤੇ ਅਲੋਪ ਹੋਈ ਦਿਖਾਈ ਦਿੰਦੀ ਹੈ।

ਅਜੋਕੇ ਦੌਰ 'ਚ ਵੱਖ-ਵੱਖ ਖੇਤਰਾਂ 'ਤੇ ਘੋਖਵੀਂ ਨਜ਼ਰ ਮਾਰਿਆਂ ਇਹਨਾਂ ਦੀ ਸਥਿਤੀ ਚਿੱਟੇ ਦਿਨ ਵਾਂਗ ਸਾਫ਼ ਹੋ ਜਾਵੇਗੀ। ਪੰਜਾਬ ਦਾ ਸ਼ਾਨਮੱਤਾ ਸੱਭਿਆਚਾਰ, ਰੀਤੀ ਰਿਵਾਜ ਅਤੇ ਸੰਸਕ੍ਰਿਤੀ ਇਸ ਸਮੇਂ ਪੂਰੀ ਤਰ੍ਹਾਂ ਪੱਛਮੀ ਰੰਗ 'ਚ ਰੰਗੀ ਜਾ ਚੁੱਕੀ ਹੈ। ਨੇੜਲੇ ਅਤੇ ਖ਼ੂਨ ਤੱਕ ਦੇ ਰਿਸ਼ਤਿਆਂ ਨੂੰ ਵੀ ਅਣਗੌਲਿਆਂ ਕੀਤਾ ਜਾ ਰਿਹਾ ਹੈ। ਰਿਸ਼ਤਿਆਂ ਵਿਚਲੇ ਮੋਹ,ਪ੍ਰਚੱਲਤ ਪ੍ਰੰਪਰਾਵਾਂ ਨੂੰ ਪੂਰੀ ਤਰ੍ਹਾਂ ਅੱਖੋਂ-ਪਰੋਖੇ ਕਰਕੇ ਆਪਣੀ ਮਨਮਰਜ਼ੀ ਨਾਲ ਜਿਊਣ ਨੂੰ ਹੀ ਫ਼ਖ਼ਰ ਸਮਝਿਆ ਜਾ ਰਿਹਾ ਹੈ। ਅਖੌਤੀ ਰਹਿਣ-ਸਹਿਣ ਦੀ ਖੁੱਲ੍ਹ ਅਤੇ ਪਿਆਰ ਵਿਆਹ ਦੇ ਨਾਂਅ 'ਤੇ ਨੇੜਲੇ ਰਿਸ਼ਤਿਆਂ ਤੋਂ ਇਲਾਵਾ ਗੈਰ-ਬਰਬਾਗੀ ਵਾਲੀ ਸਮਾਜਿਕ ਅਤੇ ਆਰਥਿਕ ਦਸ਼ਾ ਨੂੰ ਦਰਕਿਨਾਰ ਕਰਕੇ ਬਗੈਰ ਕਿਸੇ ਭਵਿੱਖੀ ਯੋਜਨਾ ਤੋਂ ਹੀ ਭਾਵੁਕਤਾ ਵੱਸ ਫੈਸਲੇ ਲੈ ਕੇ ਰਿਸ਼ਤੇ ਜੋੜੇ ਜਾ ਰਹੇ ਹਨ । ਜਿਨ੍ਹਾਂ 'ਚੋਂ ਜ਼ਿਆਦਾਤਰ ਦੀ ਉਮਰ ਥੋੜ੍ਹਚਿਰੀ ਹੀ ਹੁੰਦੀ ਹੈ।ਪਤੀ-ਪਤਨੀ, ਪਿਉ ਪੁੱਤਰ, ਮਾਂ, ਭੈਣ ਆਦਿ ਵਰਗੇ ਜਜ਼ਬਾਤੀ ਅਤੇ ਸੰਵੇਦਨਸ਼ੀਲ ਰਿਸ਼ਤੇ ਜਾਪਦਾ ਹੈ ਜਿਵੇਂ ਖੰਭ ਲਗਾ ਕੇ ਉੱਡ ਗਏ ਹੋਣ।

ਇਸੇ ਤਰ੍ਹਾਂ ਹੀ ਰਾਜਨੀਤਕ ਖੇਤਰ 'ਚ ਵੀ ਆਗੂਆਂ 'ਚ ਲੋਕਾਂ ਪ੍ਰਤੀ ਪਹਿਲਾਂ ਵਾਲਾ ਮੋਹ, ਸਤਿਕਾਰ ਅਤੇ ਅਪਣੱਤ ਵੀ ਕਿਧਰੇ ਨਜ਼ਰੀ ਨਹੀਂ ਪੈਂਦੀ। ਇੱਕ ਵੀ ਅਜਿਹਾ ਰਾਜਨੀਤਕ ਦਲ ਦਿਖਾਈ ਨਹੀਂ ਦਿੰਦਾ, ਜੋ ਆਪਣੀ ਪਾਰਟੀ ਦੀਆਂ ਨੀਤੀਆਂ ਅਤੇ ਸਿਧਾਂਤਾਂ ਲਈ ਸੁਹਿਰਦ ਅਤੇ ਪ੍ਰਤੀਬੱਧ ਹੋਵੇ।ਇਹ ਵੀ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਇਹਨਾਂ ਦਲਾਂ ਦੇ ਵੱਡੀ ਗਿਣਤੀ ਦੂਸਰੀ ਕਤਾਰ ਦੇ ਆਗੂ ਅਤੇ ਵਰਕਰਾਂ ਨੂੰ ਆਪਣੀ ਪਾਰਟੀ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਦੀ ਨਾ ਤਾਂ ਪੂਰੀ ਤਰ੍ਹਾਂ ਜਾਣਕਾਰੀ ਹੈ ਅਤੇ ਨਾ ਹੀ ਸਮਝ। ਕਰੀਬ ਸਾਰੀਆਂ ਪਾਰਟੀਆਂ ਦਾ ਇੱਕ ਨੁਕਾਤੀ ਪ੍ਰੋਗਰਾਮ ਹੈ ਕਿ ਕਿਵੇਂ ਨਾ ਕਿਵੇਂ ਸੱਤਾ ਹਥਿਆਈ ਜਾਵੇ। ਵਿਚਾਰਧਾਰਾ ਨੂੰ ਤਿਆਗ ਕੇ ਚੋਣਾਂ ਇੱਕ ਤਰ੍ਹਾਂ ਨਾਲ ਮੈਨੇਜ ਹੀ ਹੋ ਰਹੀਆਂ ਹਨ। ਜ਼ਿਆਦਾਤਰ ਵੋਟਰਾਂ ਵੱਲੋਂ ਨਸ਼ਿਆਂ ਅਤੇ ਨਿਗੂਣੇ ਪੈਸਿਆਂ ਦੀ ਖ਼ਾਤਰ ਅਯੋਗ ਅਤੇ ਕਿਰਦਾਰ ਵਿਹੂਣੇ ਉਮੀਦਵਾਰਾਂ ਨੂੰ ਵਿਧਾਨ ਸਭਾ ਅਤੇ ਲੋਕ ਸਭਾ ਲਈ ਚੁਣ ਕੇ ਭੇਜਿਆ ਜਾ ਰਿਹਾ ਹੈ, ਜਿਸ ਦਾ ਖਮਿਆਜ਼ਾ ਆਮ ਲੋਕ ਪਿਛਲੇ ਲੰਬੇ ਸਮੇਂ ਤੋਂ ਭੁਗਤ ਰਹੇ ਹਨ। ਸਿੱਟੇ ਵਜੋਂ ਪੰਜਾਬ ਰੰਗਲੇ ਤੋਂ ਕੰਗਲਾ ਬਣਨ ਵੱਲ ਵਧ ਰਿਹਾ ਹੈ। ਜੇਕਰ ਇੱਥੋਂ ਦੇ ਧਾਰਮਿਕ ਖੇਤਰ ਦੀ ਗੱਲ ਕਰੀਏ ਤਾਂ ਪੰਜਾਬ ਦੀ ਅਬਾਦੀ ਦਾ ਇੱਕ ਵੱਡਾ ਹਿੱਸਾ ਧਾਰਮਿਕ ਬਿਰਤੀ ਵਾਲਾ ਹੈ। ਭਾਰਤੀ ਸੰਵਿਧਾਨ ਅਨੁਸਾਰ ਰਾਜ ਦਾ ਆਪਣਾ ਕੋਈ ਵਿਸ਼ੇਸ਼ ਧਰਮ ਨਹੀਂ, ਨਾਗਰਿਕਾਂ ਨੂੰ ਕਿਸੇ ਵੀ ਧਰਮ ਨੂੰ ਅਪਨਾਉਣ ਜਾਂ ਤਿਆਗਣ ਦੀ ਖੁੱਲ੍ਹ ਹੈ। ਸੂਬੇ ਦੀ ਵੱਡੀ ਅਬਾਦੀ ਸਿੱਖ ਕਮਿਊਨਿਟੀ ਨਾਲ ਸੰਬੰਧਤ ਹੋਣ ਕਾਰਨ ਇੱਥੇ ਜ਼ਿਆਦਾਤਰ ਸਿੱਖ ਧਰਮ ਦਾ ਹੀ ਜ਼ਿਕਰ ਹੁੰਦਾ ਹੈ।ਲੰਘੇ 2015 ਸਾਲ ਦੌਰਾਨ ਪੰਜਾਬ ਦੀ ਇਸ ਪਵਿੱਤਰ ਧਰਤੀ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹੋਈ ਬੇਅਦਬੀ ਅਤੇ ਇਸ ਦੌਰਾਨ ਦੋ ਸਿੰਘਾਂ ਦੀ ਸ਼ਹੀਦੀ ਦਾ ਮਸਲਾ ਤਿੰਨ ਸਰਕਾਰਾਂ ਬਦਲਣ ਦੇ ਬਾਵਜੂਦ ਕਿਸੇ ਤਣ-ਪੱਤਣ ਲੱਗਦਾ ਦਿਖਾਈ ਨਹੀਂ ਦਿੰਦਾ । ਸਿੱਖ ਸੰਗਤਾਂ ਵੱਲੋਂ ਭਾਵੇਂ ਇਸ ਬੇਅਦਬੀ ਲਈ ਤਤਕਾਲੀ ਅਕਾਲੀ-ਭਾਜਪਾ ਸਰਕਾਰ ਨੂੰ ਕਥਿਤ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਰਿਹਾ ਸੀ।ਇਸੇ ਤਰ੍ਹਾਂ ਹੀ ਇਸ ਕੇਸ ਦੀ ਬਰੀਕੀ ਨਾਲ ਪੜਤਾਲ ਕਰਨ ਲਈ ਸਮੇਂ-ਸਮੇਂ 'ਤੇ ਵੱਖ-ਵੱਖ ਸਪੈਸ਼ਲ ਇਨਵੈਸਟੀਗੇਸ਼ਨ ਟੀਮਾਂ ਵੀ ਗਠਿਤ ਕੀਤੀਆਂ ਗਈਆਂ, ਪ੍ਰੰਤੂ ਕੋਈ ਜ਼ਿਕਰਯੋਗ ਪ੍ਰਾਪਤੀ ਅਜੇ ਤੱਕ ਸਾਹਮਣੇ ਨਹੀਂ ਆ ਸਕੀ । ਇਸ ਤੋਂ ਇਲਾਵਾ ਪਿਛਲੇ ਕੁਝ ਮਹੀਨਿਆਂ ਤੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸੋਧ ਐਕਟ ਨੂੰ ਲੈ ਕੇ ਵੀ ਇਸ ਸਮੇਂ ਪੰਜਾਬ ਸਰਕਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਚਕਾਰ ਟਕਰਾਅ ਵਾਲੀ ਸਥਿਤੀ ਬਣੀ ਹੋਈ ਹੈ।

ਇਸੇ ਤਰ੍ਹਾਂ ਹੀ ਸੂਬੇ ਚ ਕੰਮ ਸੱਭਿਆਚਾਰ ਬਿਲਕੁੱਲ ਖਤਮ ਹੁੰਦਾ ਜਾ ਰਿਹਾ ਹੈ, ਇੱਥੋਂ ਦੀ ਨੌਜਵਾਨੀ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਿਆ ਨੀਤੀ ਨੂੰ ਰੁਜ਼ਗਾਰ-ਮੁਖੀ ਬਣਾਉਣ ਵੱਲ ਕੋਈ ਧਿਆਨ ਨਾ ਦੇਣ ਕਾਰਨ ਦੁਬਿਧਾ 'ਚ ਹੈ। ਲੱਖਾਂ ਨੌਜਵਾਨ ਮੁੰਡੇ-ਕੁੜੀਆਂ ਹੱਥਾਂ 'ਚ ਡਿਗਰੀਆਂ ਫੜੀ ਗਲੀਆਂ ਦੀ ਖ਼ਾਕ ਛਾਣ ਰਹੇ ਹਨ। ਰੁਜ਼ਗਾਰ ਦੇ ਸੁਚੱਜੇ ਵਸੀਲਿਆਂ ਦੀ ਘਾਟ ਕਾਰਨ ਦੇਸ਼ ਅਤੇ ਸੂਬੇ ਦੀ ਕਰੀਮ ਬਾਹਰਲੇ ਦੇਸ਼ਾਂ ਵੱਲ ਕੂਚ ਕਰ ਰਹੀ ਹੈ, ਪ੍ਰੰਤੂ ਇੱਥੋਂ ਦੇ ਰਾਜਸੀ ਆਗੂਆਂ ਨੂੰ ਆਪਣੀ ਕੁਰਸੀ ਬਚਾਉਣ ਤੋਂ ਇਲਾਵਾ ਹੋਰ ਕੁਝ ਦਿਖਾਈ ਹੀ ਨਹੀਂ ਦਿੰਦਾ। ਸੂਬੇ ਗੈਂਗਸਟਰਵਾਦ, ਲੁੱਟਾਂ-ਖੋਹਾਂ, ਫ਼ਿਰੌਤੀਆਂ ਅਤੇ ਕਤਲਾਂ ਦੀ ਭਰਮਾਰ ਹੈ, ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਡਗਮਗਾ ਚੁੱਕੀ ਹੈ।

ਇਸ ਤੋਂ ਇਲਾਵਾ ਕੌਮੀ ਪੱਧਰ 'ਤੇ ਵਕਾਰੀ ਪ੍ਰੀਖਿਆਵਾਂ ਦੇ ਪ੍ਰਸ਼ਨ ਪੱਤਰ ਲੀਕ ਹੋ ਰਹੇ ਹਨ । ਜਿਨ੍ਹਾਂ ਨੂੰ ਮੰਨਣ ਲਈ ਵੀ ਕੋਈ ਤਿਆਰ ਨਹੀਂ, ਜ਼ਿੰਮੇਵਾਰੀ ਲੈਣਾ ਤਾਂ ਦੂਰ ਦੀ ਗੱਲ ਹੈ। ਇਹੀ ਕਾਰਨ ਹੈ ਕਿ ਦੇਸ਼ ਦੀ ਜਵਾਨੀ ਨੂੰ ਪਿਛਲੇ ਦਿਨੀਂ ਸੜਕਾਂ 'ਤੇ ਉਤਰਨਾ ਪਿਆ ਅਤੇ ਮਜਬੂਰਨ ਜ਼ਿੰਮੇਵਾਰ ਲੋਕਾਂ ਨੂੰ ਅਸਤੀਫਾ ਵੀ ਦੇਣਾ ਪਿਆ।ਉਕਤ ਚਰਚਾ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬ ਇਸ ਸਮੇਂ ਚੁਫ਼ੇਰਿਓਂ ਗੰਭੀਰ ਚੁਣੌਤੀਆਂ 'ਚ ਘਿਰਿਆ ਹੋਇਆ ਹੈ । ਇਹਨਾਂ ਚੁਣੌਤੀਆਂ ਦੇ ਮੁਕਾਬਲੇ ਲਈ ਕਿਸੇ ਹੋਰ ਨੇ ਨਹੀਂ, ਸਗੋਂ ਇੱਥੋਂ ਦੇ ਬਸ਼ਿੰਦਿਆਂ ਨੂੰ ਹੀ ਅੱਗੇ ਆਉਣਾ ਪਵੇਗਾ, ਤਾਂ ਕਿ ਪੰਜਾਬ ਆਪਣਾ ਮਾਣਮੱਤਾ ਰੁਤਬਾ ਮੁੜ ਤੋਂ ਬਹਾਲ ਕਰ ਸਕੇ।ਇਸ ਲਈ ਪੰਜਾਬ ਦੇ ਸੁਹਿਰਦ ਲੋਕਾਂ, ਜੱਥੇਬੰਦੀਆਂ ਅਤੇ ਰਾਜਸੀ ਦਲਾਂ ਦੇ ਨੁਮਾਇੰਦਿਆਂ ਨੂੰ ਗੁਜਾਰਿਸ਼ ਹੈ ਕਿ ਆਪਣੇ ਸੌੜੇ ਸਿਆਸੀ ਅਤੇ ਨਿੱਜੀ ਹਿੱਤਾਂ ਨੂੰ ਤਿਆਗਦਿਆਂ ਅਤੇ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਸੂਬੇ ਦੀ ਬਿਹਤਰੀ ਲਈ ਅੱਗੇ ਆਉਣ। ਅਜਿਹਾ ਕਰਨ ਉਪਰੰਤ ਹੀ ਅਸੀਂ ਸੱਚੀਮੁੱਚੀ ਸੁਹਿਰਦ ਨਾਗਰਿਕ ਅਤੇ ਸੂਬੇ ਦੇ ਹਿਤੈਸ਼ੀ ਕਹਾਉਣ ਦੇ ਹੱਕਦਾਰ ਹੋਵਾਂਗੇ।

**# ਸੰਪਰਕ : 89680-56200**

